Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 89 | 11/08/2025 | www.samajweekly.com | samajweekly | @samajweekly | samajweekly

# ਪਾਕਿ ਫੌਜ ਮੁਖੀ ਮੁਨੀਰ ਜੂਨ ਮਗਰੋਂ ਦੂਜੀ ਵਾਰੀ ਅਮਰੀਕਾ ਦੀ ਯਾਤਰਾ ਉਤੇ ਗਏ

**ਇਸਲਾਮਾਬਾਦ ।** ਭਾਰਤ ਨਾਲ ਚਾਰ ਦਿਨਾਂ ਤੋਂ ਚੱਲ ਰਹੇ ਸੰਘਰਸ਼ ਤੋਂ ਬਾਅਦ ਦੂਜੀ ਵਾਰ ਵਾਸ਼ਿੰਗਟਨ ਦੇ ਦੌਰੇ ਉਤੇ ਆਏ ਪਾਕਿ-ਸਤਾਨ ਦੇ ਫੌਜ ਮੁਖੀ ਅਸੀਮ ਮੁਨੀਰ ਨੇ ਅਮਰੀਕਾ ਦੇ ਚੋਟੀ ਦੇ ਸਿਆਸੀ ਅਤੇ ਫੌਜੀ ਨੇਤਾਵਾਂ ਨਾਲ ਮੁਲਾਕਾਤ ਕੀਤੀ। ਫੌਜ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਫੌਜ ਮੁਖੀ (ਸੀ.ਓ.ਏ.ਐਸ.) ਅਮਰੀਕਾ ਦਾ ਅਧਿਕਾਰਤ ਦੌਰਾ ਕਰ ਰਹੇ ਹਨ।

ਬਿਆਨ ਮੁਤਾਬਕ ਫੌਜ ਮੁਖੀ ਨੇ ਸੀਨੀਅਰ ਸਿਆਸੀ ਅਤੇ ਫੌਜੀ ਲੀਡਰਸ਼ਿਪ ਦੇ ਨਾਲ-ਨਾਲ ਪਾਕਿਸਤਾਨੀ ਭਾਈਚਾਰੇ ਦੇ ਮੈਂਬਰਾਂ ਨਾਲ ਉੱਚ ਪੱਧਰੀ ਗੱਲਬਾਤ ਕੀਤੀ। ਅਮਰੀਕਾ ਵਿਚ ਉਸ ਦੇ ਠਹਿਰਨ ਬਾਰੇ ਕੋਈ ਵੇਰਵਾ ਸਾਂਝਾ ਨਹੀਂ ਕੀਤਾ ਗਿਆ ਅਤੇ ਇਹ ਵੀ ਸਪੱਸ਼ਟ ਨਹੀਂ ਹੈ ਕਿ ਉਹ ਕਦੋਂ ਪਹੁੰਚੇ।

ਟਾਂਪਾ 'ਚ ਮੁਨੀਰ ਨੇ ਅਮਰੀਕੀ ਸੈਂਟਰਲ ਕਮਾਂਡ (ਸੈਂਟਕਾਮ) ਦੇ ਕਮਾਂਡਰ ਜਨਰਲ ਮਾਈਕਲ ਈ ਕੁਰੀਲਾ ਦੇ ਰਿਟਾਇਰਮੈਂਟ ਸਮਾਰੋਹ ਅਤੇ ਐਡਮਿਰਲ ਬ੍ਰੈਡ ਕੂਪਰ ਦੀ ਕਮਾਂਡ ਬਦਲਣ ਦੇ ਸਮਾਰੋਹ 'ਚ ਹਿੱਸਾ ਲਿਆ। ਫੀਲਡ ਮਾਰਸ਼ਲ ਮੁਨੀਰ ਨੇ ਜਨਰਲ ਕੁਰੀਲਾ ਦੀ ਮਿਸਾਲੀ ਅਗਵਾਈ ਅਤੇ ਦੁਵਲੇ ਫੌਜੀ ਸਹਿਯੋਗ ਨੂੰ ਮਜ਼ਬੂਤ ਕਰਨ ਵਿਚ ਉਨ੍ਹਾਂ ਦੇ ਅਨਮੋਲ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ



ਐਡਮਿਰਲ ਕੂਪਰ ਨੂੰ ਸ਼ੁਭਕਾਮਨਾਵਾਂ ਦਿਤੀਆਂ ਅਤੇ ਸਾਂਝੀਆਂ ਸੁਰੱਖਿਆ ਚੁਨੌਤੀਆਂ ਨਾਲ ਨਜਿੱਠਣ ਲਈ ਸਹਿਯੋਗ ਜਾਰੀ ਰੱਖਣ ਦਾ ਭਰੋਸਾ ਜ਼ਾਹਰ ਕੀਤਾ।

ਉਨ੍ਹਾਂ ਨੇ ਚੇਅਰਮੈਨ ਜੁਆਇੰਟ ਚੀਫਸ ਆਫ ਸਟਾਫ ਜਨਰਲ ਡੈਨ ਕੇਨ ਨਾਲ ਵੀ ਮੁਲਾਕਾਤ ਕੀਤੀ, ਜਿੱਥੇ ਆਪਸੀ ਪੇਸ਼ੇਵਰ ਹਿੱਤਾਂ ਦੇ ਮਾਮਲਿਆਂ ਉਤੇ ਵਿਚਾਰ ਵਟਾਂਦਰੇ ਕੀਤੇ ਗਏ। ਉਨ੍ਹਾਂ ਨੇ ਜਨਰਲ ਕੇਨ ਨੂੰ ਪਾਕਿਸਤਾਨ ਆਉਣ ਦਾ ਸੱਦਾ ਦਿਤਾ। ਇਸ ਤੋਂ ਇਲਾਵਾ ਮੁਨੀਰ ਨੇ ਮਿੱਤਰ ਦੇਸ਼ਾਂ ਦੇ ਰੱਖਿਆ ਮੁਖੀਆਂ ਨਾਲ ਗੱਲਬਾਤ ਕੀਤੀ।

ਜੂਨ 'ਚ ਮੁਨੀਰ ਪੰਜ ਦਿਨਾਂ ਦੀ ਦੁਰਲੱਭ ਯਾਤਰਾ ਉਤੇ ਅਮਰੀਕਾ ਗਏ ਸਨ, ਜਿਸ ਦੌਰਾਨ ਉਨ੍ਹਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਇਕ ਨਿੱਜੀ ਦੁਪਹਿਰ ਦੇ ਖਾਣੇ 'ਚ ਹਿੱਸਾ ਲਿਆ ਸੀ। ਇਸ ਬੈਠਕ ਦਾ ਸਿੱਟਾ ਟਰੰਪ ਵਲੋਂ ਤੇਲ ਸਮਝੌਤੇ ਸਮੇਤ ਵੱਖ-ਵੱਖ ਖੇਤਰਾਂ 'ਚ ਅਮਰੀਕਾ-ਪਾਕਿ-ਸਤਾਨ ਸਹਿਯੋਗ ਵਧਾਉਣ ਦੇ ਐਲਾਨ ਨਾਲ ਹੋਇਆ। ਮੁਨੀਰ ਦਾ ਇਹ ਦੌਰਾ ਅਜਿਹੇ ਸਮੇਂ 'ਚ ਹੋਇਆ ਹੈ ਜਦੋਂ ਇਕ ਮਹੀਨੇ ਪਹਿਲਾਂ ਹੀ ਅਮਰੀਕੀ ਜਨਰਲ ਨੇ ਕਾਂਗਰਸ ਦੀ ਸੁਣਵਾਈ ਦੌਰਾਨ ਪਾਕਿ-ਸਤਾਨ ਨੂੰ ਅਤਿਵਾਦ ਵਿਰੋਧੀ ਕੋਸ਼ਿਸ਼ਾਂ 'ਚ 'ਬੇਮਿਸਾਲ ਭਾਈਵਾਲ' ਦਸਿਆ ਸੀ, ਜਿੱਥੇ ਉਨ੍ਹਾਂ ਨੇ ਖੇਤਰ 'ਚ ਸ਼ਾਂਤੀ ਅਤੇ ਸਥਿਰਤਾ ਨੂੰ ਉਤਸ਼ਾਹਤ ਕਰਨ 'ਚ ਪਾਕਿਸਤਾਨ ਦੀ ਭੂਮਿਕਾ ਦੀ ਸ਼ਲਾਘਾ ਕੀਤੀ ਸੀ।

# ਗਾਜ਼ਾ 'ਚ ਭੋਜਨ ਦੀ ਭਾਲ ਦੌਰਾਨ ਕਈ ਹੋਰ ਲੋਕਾਂ ਦੀ ਮੌਤ, ਨੇਤਨਯਾਹੂ ਨੇ ਗਾਜ਼ਾ 'ਚ ਅਪਣੇ ਯੋਜਨਾਬੱਧ ਫੌਜੀ ਹਮਲੇ ਦਾ ਬਚਾਅ ਕੀਤਾ

**ਯੇਰੂਸ਼ਲਮ/ਦੀਰ ਅਲ-ਬਲਾਹ (ਗਾਜ਼ਾ ਪੱਟੀ) :** ਹਸਪਤਾਲਾਂ ਅਤੇ ਚਸ਼ਮਦੀਦਾਂ ਅਨੁਸਾਰ ਗਾਜ਼ਾ ਪੱਟੀ 'ਚ ਭੋਜਨ ਦੀ ਭਾਲ ਕਰ ਰਹੇ ਘੱਟੋ-ਘੱਟ 31 ਹੋਰ ਫਲਸਤੀਨੀ ਮਾਰੇ ਗਏ ਹਨ। ਇਸ ਦੌਰਾਨ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਗਾਜ਼ਾ ਵਿਚ ਫੌਜੀ ਮੁਹਿੰਮ ਦਾ ਵਿਸਥਾਰ ਕਰਨ ਦੀ ਯੋਜਨਾ ਦੀ ਨਿੰਦਾ ਇਜ਼ਰਾਈਲ ਦੇ ਅੰਦਰ ਅਤੇ ਬਾਹਰ ਦੋਹਾਂ ਵਿਚ ਵੱਧ ਰਹੀ ਹੈ। ਉਨ੍ਹਾਂ ਦੀ ਯੋਜਨਾ ਦੇ ਵਿਰੋਧ ਵਿਚ ਇਜ਼ਰਾਇਲੀ ਬੰਧਕਾਂ ਦੇ ਪਰਵਾਰਾਂ ਵਲੋਂ ਵੀ ਆਮ ਹੜਤਾਲ ਦਾ ਸੱਦਾ ਦਿਤਾ ਗਿਆ ਹੈ। ਜਦਕਿ ਨੇਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਕੋਲ ਅਪਣਾ ਕੰਮ ਪੂਰਾ ਕਰਨ ਅਤੇ ਹਮਾਸ ਦੀ ਹਾਰ ਨੂੰ ਪੂਰਾ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਹੈ। ਉਹ ਯਰੂਸ਼ਲਮ ਵਿਚ ਵਿਦੇਸ਼ੀ ਮੀਡੀਆ ਨਾਲ ਗੱਲ ਕਰ ਰਹੇ ਸਨ ਅਤੇ ਯੋਜਨਾਬੱਧ ਫੌਜੀ ਹਮਲੇ ਦਾ ਬਚਾਅ ਕਰ ਰਹੇ ਹਨ। ਉਨ੍ਹਾਂ ਕਿਹਾ, ''ਸਾਡਾ ਟੀਚਾ ਗਾਜ਼ਾ ਉਤੇ ਕਬਜ਼ਾ ਕਰਨਾ ਨਹੀਂ ਹੈ, ਸਾਡਾ ਟੀਚਾ ਗਾਜ਼ਾ ਨੂੰ ਆਜ਼ਾਦ ਕਰਵਾਉਣਾ ਹੈ।'' ਉਨ੍ਹਾਂ ਨੇ ਕਥਿਤ ਤੌਰ 'ਤੇ 'ਝੂਠ ਦੀ ਵਿਸ਼ਵਵਿਆਪੀ ਮੁਹਿੰਮ' ਨੂੰ ਵੀ ਪਾਸੇ ਕਰਨ ਦੀ ਕੋਸ਼ਿਸ਼ ਕੀਤੀ।

ਨੇਤਨਯਾਹੂ ਨੇ ਕਿਹਾ ਕਿ ਗਾਜ਼ਾ ਵਿਚ ਅਗਲੇ ਕਦਮਾਂ ਨੂੰ ਛੇਤੀ ਸਿਰੇ ਚਾੜ੍ਹਿਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਉੱਥੇ ਦੇ ਟੀਚਿਆਂ 'ਚ ਗਾਜ਼ਾ ਦਾ ਫੌਜੀਕਰਨ ਕਰਨਾ, ਇਜ਼ਰਾਇਲੀ ਫੌਜ ਦਾ ਉਥੇ ਸੁਰੱਖਿਆ ਕੰਟਰੋਲ ਅਤੇ ਗੈਰ-



ਇਜ਼ਰਾਈਲੀ ਨਾਗਰਿਕ ਪ੍ਰਸ਼ਾਸਨ ਸ਼ਾਮਲ ਹੈ।

ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਹਾਲ ਹੀ ਦੇ ਦਿਨਾਂ ਵਿਚ ਇਜ਼ਰਾਈਲ ਦੀ ਫੌਜ ਨੂੰ ਹੋਰ ਵਿਦੇਸ਼ੀ ਪੱਤਰਕਾਰਾਂ ਨੂੰ ਲਿਆਉਣ ਦੇ ਹੁਕਮ ਦਿਤੇ ਹਨ, ਜੋ ਇਕ ਹੈਰਾਨੀਜਨਕ ਘਟਨਾ ਹੋਵੇਗੀ ਕਿਉਂਕਿ ਉਨ੍ਹਾਂ ਨੂੰ ਫੌਜੀ ਘੇਰੇ ਤੋਂ ਬਾਹਰ ਗਾਜ਼ਾ ਵਿਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿਤੀ ਗਈ ਹੈ।

ਨੇਤਨਯਾਹੂ ਨੇ ਇਕ ਵਾਰ ਫਿਰ ਗਾਜ਼ਾ ਦੀਆਂ ਕਈ ਸਮੱਸਿਆਵਾਂ ਲਈ ਹਮਾਸ ਅਤਿਵਾਦੀ ਸਮੂਹ ਨੂੰ ਜ਼ਿੰਮੇਵਾਰ ਠਹਿਰਾਇਆ, ਜਿਸ ਵਿਚ ਨਾਗਰਿਕਾਂ ਦੀ ਮੌਤ, ਤਬਾਹੀ ਅਤੇ ਸਹਾਇਤਾ ਦੀ ਕਮੀ ਸ਼ਾਮਲ ਹੈ। ਪੱਤਰਕਾਰਾਂ ਨੂੰ ਉਨ੍ਹਾਂ ਦਾ ਇਹ ਸੰਬੋਧਨ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਗਾਜ਼ਾ ਸ਼ਹਿਰ ਉਤੇ ਕਬਜ਼ਾ ਕਰਨ ਦੀ ਇਜ਼ਰਾਈਲ ਦੀ ਯੋਜਨਾ ਉਤੇ ਐਮਰਜੈਂਸੀ ਬੈਠਕ ਤੋਂ ਠੀਕ ਪਹਿਲਾਂ ਆਇਆ ਹੈ।

ਇਜ਼ਰਾਈਲ ਦੇ ਹਵਾਈ ਅਤੇ ਜ਼ਮੀਨੀ ਹਮਲੇ ਨੇ ਜ਼ਿਆਦਾਤਰ ਆਬਾਦੀ ਨੂੰ ਬੇਘਰ ਕਰ ਦਿਤਾ ਹੈ ਅਤੇ ਖੇਤਰ ਨੂੰ ਭੁੱਖਮਰੀ ਵਲ ਧੱਕ ਦਿਤਾ ਹੈ। ਸਨਿਚਰਵਾਰ ਨੂੰ ਕੁਪੋਸ਼ਣ ਨਾਲ ਜੁੜੇ ਕਾਰਨਾਂ ਕਰ ਕੇ ਦੋ ਹੋਰ ਫਲਸਤੀਨੀ ਬੱਚਿਆਂ ਦੀ ਮੌਤ ਹੋ ਗਈ, ਜਿਸ ਨਾਲ ਗਾਜ਼ਾ ਵਿਚ ਜੰਗ ਸ਼ੁਰੂ ਹੋਣ ਤੋਂ ਬਾਅਦ ਬੱਚਿਆਂ ਦੀ ਗਿਣਤੀ 100 ਹੋ ਗਈ ਹੈ। ਜੂਨ ਦੇ ਅਖੀਰ ਤੋਂ ਕੁਪੋਸ਼ਣ ਨਾਲ ਜੁੜੇ ਕਾਰਨਾਂ ਕਰ ਕੇ ਕੁਲ 117 ਬਾਲਗਾਂ ਦੀ ਮੌਤ ਹੋਈ ਹੈ।

# 'ਆਪ' ਵਿਧਾਇਕ ਅਨਮੋਲ ਗਗਨ ਮਾਨ ਦੀ ਵਿਧਾਨ ਸਭਾ ਕਮੇਟੀ ਤੋਂ ਹੋਈ ਛੁੱਟੀ

**ਚੰਡੀਗੜ੍ਹ:** ਸਾਬਕਾ ਮੰਤਰੀ ਅਤੇ ਆਮ ਆਦਮੀ ਪਾਰਟੀ ਦੀ ਖਰੜ ਤੋਂ ਵਿਧਾਇਕ ਅਨਮੋਲ ਗਗਨ ਮਾਨ ਨੇ ਭਾਵੇਂ ਵਿਧਾਇਕ ਦੇ ਅਹੁਦੇ ਤੋਂ ਆਪਣਾ ਅਸਤੀਫ਼ਾ ਵਾਪਸ ਲੈ ਲਿਆ ਹੋਵੇ, ਪਰ ਉਨ੍ਹਾਂ ਨੂੰ ਸਾਲ 2025-26 ਤੋਂ ਵਿਧਾਨ ਸਭਾ ਦੀ ਪ੍ਰਸ਼ਨ ਅਤੇ ਸੰਦਰਭ ਕਮੇਟੀ ਤੋਂ ਮੁਕਤ ਕਰ ਦਿੱਤਾ ਗਿਆ ਹੈ। ਹੁਣ ਉਨ੍ਹਾਂ ਦੀ ਜਗ੍ਹਾ ਰਾਜਪੁਰਾ ਦੀ ਵਿਧਾਇਕ ਨੀਨਾ ਮਿੱਤਲ ਨੂੰ ਬਾਕੀ ਸਮੇਂ ਲਈ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਹੈ। ਇਸੇ ਤਰ੍ਹਾਂ ਤਰਨਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੀ ਮੌਤ ਕਾਰਨ ਖਾਲੀ ਹੋਈ ਇੱਕ ਹੋਰ ਕਮੇਟੀ ਵਿੱਚ ਅਜਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ, ਜਿਨ੍ਹਾਂ ਨੂੰ ਕੁਝ ਸਮਾਂ ਪਹਿਲਾਂ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ, ਨੂੰ ਨਾਮਜ਼ਦ ਕੀਤਾ ਗਿਆ ਹੈ। ਵਿਧਾਨ ਸਭਾ ਵੱਲੋਂ ਜਾਰੀ ਹੁਕਮ 'ਚ ਲਿਖਿਆ ਹੈ ਕਿ ਇਹ ਕਾਰਵਾਈ ਸਪੀਕਰ ਵੱਲੋਂ



ਪੰਜਾਬ ਵਿਧਾਨ ਸਭਾ ਦੇ ਨਿਯਮ 183 ਤਹਿਤ ਕੀਤੀ ਗਈ ਹੈ। ਇਸ ਦੇ ਨਾਲ ਹੀ ਅਨਮੋਲ ਗਗਨ ਮਾਨ ਦੀ ਜਗ੍ਹ ਨੀਨਾ ਮਿੱਤਲ ਨੂੰ ਕਮੇਟੀ ਵਿੱਚ ਰਹਿਣ ਦੇ ਸਮੇਂ ਲਈ ਨਾਮਜ਼ਦ ਕੀਤਾ ਗਿਆ ਹੈ। ਇਸੇ ਤਰ੍ਹਾਂ ਤਰਨਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੀ 27 ਜੂਨ 2025 ਨੂੰ ਮੌਤ ਹੋ ਗਈ ਸੀ। ਇਸ ਕਾਰਨ ਕਾਰੋਬਾਰੀ ਕਮੇਟੀ ਵਿੱਚ ਇੱਕ ਸੀਟ ਖਾਲੀ ਹੋ ਗਈ ਸੀ। ਕੁਲਦੀਪ ਸਿੰਘ ਧਾਲੀਵਾਲ ਨੂੰ ਹੁਣ ਉੱਥੇ ਨਿਯੁਕਤ ਕੀਤਾ ਗਿਆ ਹੈ। ਸਪੀਕਰ ਨੇ ਇਹ ਕਾਰਵਾਈ ਵਿਧਾਨ ਸਭਾ ਦੇ ਨਿਯਮ 180 (3) ਦੇ ਤਹਿਤ ਕੀਤੀ ਹੈ।

ਜ਼ਿਕਰਯੋਗ ਹੈ ਕਿ ਬੀਤੀ 19 ਜੁਲਾਈ ਨੂੰ ਅਨਮੋਲ ਗਗਨ ਮਾਨ ਨੇ ਅਚਾਨਕ ਆਪਣੇ ਸੋਸ਼ਲ ਮੀਡੀਆ ਅਕਾਊਂਟ ਐਕਸ 'ਤੇ ਪੋਸਟ ਪਾਈ ਅਤੇ ਉਨ੍ਹਾਂ ਲਿਖਿਆ, "ਮੇਰਾ ਦਿਲ ਭਾਰੀ ਹੈ, ਪਰ ਮੈਂ ਰਾਜਨੀਤੀ ਛੱਡਣ ਦਾ ਫੈਸਲਾ ਕੀਤਾ ਹੈ। ਸਪੀਕਰ ਨੂੰ ਬੇਨਤੀ ਹੈ ਕਿ ਉਹ ਮੇਰਾ ਅਸਤੀਫਾ ਸਵੀਕਾਰ ਕਰਨ। ਮੇਰੀਆਂ ਸ਼ੁਭਕਾਮਨਾਵਾਂ ਪਾਰਟੀ ਦੇ ਨਾਲ ਹਨ। ਮੈਨੂੰ ਉਮੀਦ ਹੈ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਉਤਰੇਗੀ। ਇਸ ਤੋਂ ਬਾਅਦ ਅਗਲੇ ਦਿਨ ਪਾਰਟੀ ਪ੍ਰਧਾਨ ਅਮਨ ਅਰੋੜਾ ਉਨ੍ਹਾਂ ਦੇ ਘਰ ਪਹੁੰਚੇ ਅਤੇ ਉਨ੍ਹਾਂ ਨੇ ਅਨਮੋਲ ਗਗਨ ਮਾਨ ਨੂੰ ਮਨਾ ਲਿਆ, ਜਿਸ ਚਲਦਿਆਂ ਅਨਮੋਲ ਗਗਨ ਮਾਨ ਨੇ ਆਪਣਾ ਅਸਤੀਫਾ ਵਾਪਸ ਲੈ ਲਿਆ।

## ਚੋਣ ਕਮਿਸ਼ਨ ਨੇ 334 ਸਿਆਸੀ ਪਾਰਟੀਆਂ ਦੀ ਮਾਨਤਾ ਕੀਤੀ ਰੱਦ

**ਚੰਡੀਗੜ੍ਹ।** ਚੋਣ ਕਮਿਸ਼ਨ ਨੇ ਸ਼ਨਿਚਰਵਾਰ ਨੂੰ ਕਿਹਾ ਕਿ ਉਸ ਨੇ 334 ਰਜਿਸਟਰਡ ਗ਼ੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੂੰ ਗ਼ੈਰ-ਸੂਚੀਬੱਧ ਕਰ ਦਿਤਾ ਹੈ, ਜੋ 2019 ਤੋਂ ਲੈ ਕੇ ਹੁਣ ਤਕ 6 ਸਾਲਾਂ ਤੋਂ ਇਕ ਵੀ ਚੋਣ ਲੜਨ ਦੀ ਜ਼ਰੂਰੀ ਸ਼ਰਤ ਨੂੰ ਪੂਰਾ ਕਰਨ 'ਚ ਅਸਫ਼ਲ ਰਹੀਆਂ ਹਨ। ਇਨ੍ਹਾਂ ਪਾਰਟੀਆਂ ਦੇ ਦਫ਼ਤਰ ਵੀ ਕਿਤੇ ਨਹੀਂ ਲੱਭੇ ਜਾ ਸਕੇ। ਚੋਣ ਕਮਿਸ਼ਨ ਨੇ ਕਿਹਾ ਕਿ ਇਹ 334 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ (ਆਰ.ਯੂ.ਪੀ.ਪੀ.) ਦੇਸ਼ ਭਰ ਦੇ ਵੱਖ-ਵੱਖ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੋਂ ਹਨ। ਕੁਲ 2,854 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਵਿਚੋਂ ਇਸ ਸਫਾਈ ਅਭਿਆਸ ਤੋਂ ਬਾਅਦ 2,520 ਰਹਿ ਗਈਆਂ ਹਨ। ਇਸ ਸਮੇਂ 6 ਕੌਮੀ ਪਾਰਟੀਆਂ ਅਤੇ 67 ਸੂਬਾਈ ਪਾਰਟੀਆਂ ਹਨ।




## ਦੀਨਾਨਗਰ ਪੁਲਿਸ ਸਟੇਸ਼ਨ 'ਤੇ 10 ਸਾਲ ਪਹਿਲਾਂ ਹੋਏ ਅੱਤਵਾਦੀ ਗੋਲੀਬਾਰੀ 'ਚ ਜ਼ਖ਼ਮੀ ਇੰਸਪੈਕਟਰ ਨੂੰ DSP ਬਣਾਉਣ ਦਾ ਹੁਕਮ

**ਦੀਨਾਨਗਰ।** ਪੰਜਾਬ ਦੇ ਗੁਰਦ-ਾਸਪੁਰ ਜ਼ਿਲ੍ਹੇ ਦੇ ਦੀਨਾਨਗਰ ਪੁਲਿਸ ਸਟੇਸ਼ਨ 'ਤੇ 10 ਸਾਲ ਪਹਿਲਾਂ ਹੋਏ ਅੱਤਵਾਦੀ ਹਮਲੇ ਵਿੱਚ ਜ਼ਖਮੀ ਹੋਏ ਇੰਸਪੈਕਟਰ ਬਲਬੀਰ ਸਿੰਘ ਨੂੰ ਡੀਐਸਪੀ ਦੇ ਅਹੁਦੇ 'ਤੇ ਤਰੱਕੀ ਦਿੱਤੀ ਜਾਵੇਗੀ। ਇਹ ਹੁਕਮ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਦਿੱਤਾ ਹੈ। ਉਸ ਸਮੇਂ ਉਹ ਸਪੈਸ਼ਲ ਆਪ੍ਰੇਸ਼ਨ ਸੈੱਲ ਵਿੱਚ ਇੰਸਪੈਕਟਰ ਵਜੋਂ ਤਾਇਨਾਤ ਸੀ ਅਤੇ ਹਮਲੇ ਵਿੱਚ ਗੋਲੀਆਂ ਲੱਗਣ ਨਾਲ ਜ਼ਖਮੀ ਹੋ ਗਿਆ ਸੀ।

ਹਾਈ ਕੋਰਟ ਨੇ ਰਾਜ ਸਰਕਾਰ ਨੂੰ ਬਲਬੀਰ ਸਿੰਘ ਨੂੰ ਤਰੱਕੀ ਦੇਣ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਕਿਹਾ ਕਿ ਸਰਕਾਰ ਨੇ 27 ਜੁਲਾਈ 2015 ਨੂੰ ਵਾਪਰੀ ਦੀਨਾਨਗਰ ਪੁਲਿਸ ਸਟੇਸ਼ਨ ਘਟਨਾ 'ਤੇ ਵਿਚਾਰ ਕਰਨ ਤੋਂ ਬਾਅਦ ਸਾਰੇ ਕਰਮਚਾਰੀਆਂ ਨੂੰ ਤਰੱਕੀ ਦੇਣ ਦਾ ਫੈਸਲਾ ਕੀਤਾ ਸੀ, ਜਿਸ ਨੂੰ ਵਾਪਸ ਨਹੀਂ ਲਿਆ ਗਿਆ ਸੀ। ਇਸ ਲਈ, ਇੰਸਪੈਕਟਰ ਬਲਬੀਰ ਸਿੰਘ ਨੂੰ ਵੀ ਡੀਐਸਪੀ ਦੇ ਅਹੁਦੇ 'ਤੇ ਤਰੱਕੀ ਦਾ ਹੱਕਦਾਰ ਮੰਨਿਆ ਜਾਣਾ ਚਾਹੀਦਾ ਹੈ।

### ਹਮਲੇ ਦੌਰਾਨ ਜ਼ਖਮੀ ਹੋਏ

ਉਹ ਹਮਲੇ ਦੌਰਾਨ, ਉਨ੍ਹਾਂ ਗੁਰ-ਦਾਸਪੁਰ ਦੇ ਸੀਨੀਅਰ ਸੁਪਰਡੈਂਟ



ਆਫ਼ ਪੁਲਿਸ (ਐਸਐਸਪੀ) ਨੂੰ ਬਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਹ ਅੱਤਵਾਦੀਆਂ ਦੁਆਰਾ ਚਲਾਈਆਂ ਗਈਆਂ ਦੋ ਏਕੇ-47 ਗੋਲੀਆਂ ਨਾਲ ਜ਼ਖਮੀ ਹੋ ਗਏ ਸਨ। ਉਸਨੂੰ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਜਿੱਥੇ ਉਸਦੀ ਸਰਜਰੀ ਹੋਈ। 3 ਅਗਸਤ ਨੂੰ ਸੂਬਾ ਸਰਕਾਰ ਨੇ ਦੀਨਾਨਗਰ ਅੱਤਵਾਦੀ ਹਮਲੇ ਦੀ ਨਿੰਦਾ ਕੀਤੀ ਅਤੇ ਸ਼ਹੀਦ ਪੁਲਿਸ ਮੁਲਾਜ਼ਮਾਂ ਦੇ ਰਿਸ਼ਤੇਦਾਰਾਂ ਲਈ ਨੌਕਰੀਆਂ ਦਾ ਐਲਾਨ ਕੀਤਾ। ਇਸਨੇ ਜ਼ਖ਼ਮੀ ਪੁਲਿਸ ਮੁਲਾਜ਼ਮਾਂ ਨੂੰ ਅਗਲੇ ਰੈਂਕ 'ਤੇ ਤਰੱਕੀ ਦੇਣ ਦਾ ਵੀ ਐਲਾਨ ਕੀਤਾ। ਬਲਬੀਰ ਨੂੰ ਆਜ਼ਾਦੀ ਦਿਵਸ 'ਤੇ ਬਹਾਦਰੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ।

### ਬਾਅਦ ਵਿੱਚ ਤਰੱਕੀ ਰੱਦ ਕਰ ਦਿੱਤੀ ਗਈ

ਬਾਅਦ ਵਿੱਚ, ਪੁਲਿਸ ਸੁਪਰਡੈਂਟ ਬਲਜੀਤ ਸਿੰਘ (ਮਰਨ ਉਪਰੰਤ) ਅਤੇ ਹੈੱਡ ਕਾਂਸਟੇਬਲ ਤਾਰਾ ਸਿੰਘ ਨੂੰ ਵੀ ਬਹਾਦਰੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਡੀਜੀਪੀ ਨੇ ਉਨ੍ਹਾਂ ਨੂੰ ਪਰਮ ਕਰਮ ਮੈਡਲ ਅਤੇ ਮੁਕਾਬਲੇ ਦੌਰਾਨ ਜ਼ਖਮੀ ਹੋਣ ਲਈ 50,000 ਰੁਪਏ ਦੀ ਵਿੱਤੀ ਸਹਾਇਤਾ ਵੀ ਪ੍ਰਦਾਨ ਕੀਤੀ। ਸੂਬਾ ਸਰਕਾਰ ਨੇ ਬਾਅਦ ਵਿੱਚ ਸਾਰੇ ਪੁਲਿਸ ਮੁਲਾਜ਼ਮਾਂ ਨੂੰ ਤਰੱਕੀ ਦਿੱਤੀ। ਪਰ ਉਸਨੂੰ ਡੀਐਸਪੀ ਦੇ ਅਹੁਦੇ 'ਤੇ ਤਰੱਕੀ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਕਿਉਂਕਿ ਉਸਨੂੰ ਬਹਾਦਰੀ ਲਈ ਰਾਸ਼ਟਰਪਤੀ ਪੁਲਿਸ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਸੀ ਅਤੇ ਇਸ ਲਈ ਤਰੱਕੀ ਨਹੀਂ ਦਿੱਤੀ ਜਾ ਸਕਦੀ ਸੀ। ਬਲਬੀਰ ਸਿੰਘ ਨੇ ਦਲੀਲ ਦਿੱਤੀ ਕਿ ਜਦੋਂ ਪਟੀਸ਼ਨ ਲੰਬਿਤ ਸੀ, ਸੂਬੇ ਨੇ ਇੱਕ ਹੋਰ ਇੰਸਪੈਕਟਰ, ਬਿਕਰਮਜੀਤ ਨੂੰ ਤਰੱਕੀ ਦਿੱਤੀ ਸੀ। ਹੁਣ ਸੂਬਾ ਸਰਕਾਰ ਨੂੰ ਬਲਬੀਰ ਸਿੰਘ ਨੂੰ ਡੀਐਸਪੀ ਦੇ ਅਹੁਦੇ 'ਤੇ ਤਰੱਕੀ ਦੇਣ ਦਾ ਹੁਕਮ ਦਿੰਦੇ ਹੋਏ, ਹਾਈ ਕੋਰਟ ਨੇ ਸਪੱਸ਼ਟ ਕੀਤਾ ਕਿ ਡੀਐਸਪੀ ਦੇ ਅਹੁਦੇ 'ਤੇ ਨਾ ਰਹਿਣ ਦੇ ਸਮੇਂ ਦੌਰਾਨ ਉਸਨੂੰ ਕੋਈ ਵਿੱਤੀ ਲਾਭ ਨਹੀਂ ਮਿਲੇਗਾ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਬਰਨਾਲਾ 'ਚ ਨਸ਼ਾ ਤਸਕਰ ਮਾਂ-ਪੁੱਤ ਦੇ ਘਰ 'ਤੇ ਚੱਲਿਆ ਪੀਲਾ ਪੰਜਾ



**'ਬਰਨਾਲਾ।** ਯੁੱਧ ਨਸ਼ਿਆਂ ਵਿਰੁਧ' ਮੁਹਿੰਮ ਤਹਿਤ ਬਰਨਾਲਾ ਦੇ ਪਿੰਡ ਹੰਡਿਆਇਆ ਵਿਚ ਮਾਂ-ਪੁੱਤ ਨਸ਼ਾ ਤਸਕਰ ਦੇ ਘਰ 'ਤੇ ਪੀਲਾ ਪੰਜਾ ਚੱਲਿਆ ਹੈ। ਜਾਣਕਾਰੀ ਦਿੰਦਿਆਂ ਐਸ.ਐਸ.ਪੀ. ਮੁਹੰਮਦ ਸਰਫ਼ਰਾਜ ਆਲਮ ਨੇ ਕਿਹਾ ਕਿ ਗੋਰਾ ਸਿੰਘ ਅਤੇ ਅਮਰਜੀਤ ਕੌਰ ਵਿਰੁਧ 15 ਤੋਂ ਵੱਧ ਪਰਚੇ ਦਰਜ ਹਨ, ਜੋ ਨਗਰ ਪੰਚਾਇਤ ਹੰਡਿਆਇਆ ਦੀ ਜਗ੍ਹਾ ਉਤੇ ਨਾਜਾਇਜ਼ ਉਸਾਰੀ ਕਰ ਕੇ ਬੈਠੇ ਸਨ। ਜਿਨ੍ਹਾਂ ਨੂੰ ਕਾਨੂੰਨੀ ਨੋਟਿਸ ਵੀ ਭੇਜੇ ਗਏ ਸਨ। ਜਿਸ ਦੇ ਚਲਦਿਆਂ ਇਸ ਘਰ ਨੂੰ ਢਹਿ-ਢੇਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਹੋਰ ਵੀ ਕਈ ਨਸ਼ਾ ਤਸਕਰਾਂ ਦਾ ਪਰਦਾਫ਼ਾਸ ਕੀਤਾ ਜਾਵੇਗਾ। ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦੇ ਆ ਕਿਹਾ ਕਿ ਜੇ ਤੁਹਾਡੇ ਆਸ-ਪਾਸ ਕੋਈ ਵੀ ਨਸ਼ੇ ਦੀ ਤਸਕਰੀ ਕਰਦਾ ਹੈ ਤਾਂ ਇਸ ਦੀ ਸੂਚਨਾ ਪੁਲਿਸ ਨੂੰ ਦਿਤੀ ਜਾਵੇ ਤਾਂ ਕਿ ਨਸ਼ਾ ਤਸਕਰਾਂ ਵਿਰੁਧ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਹਿਮਾਚਲ ਵਿਚ ਆਫ਼ਤ ਰਹੇਗੀ ਜਾਰੀ, ਅਗਲੇ 4 ਦਿਨ ਲਗਾਤਾਰ ਭਾਰੀ ਮੀਂਹ ਪੈਣ ਦਾ ਅਲਰਟ ਜਾਰੀ



**ਹਿਮਾਚਲ।** ਹਿਮਾਚਲ ਪ੍ਰਦੇਸ਼ ਵਿੱਚ ਚਾਰ ਦਿਨਾਂ ਤੱਕ ਲਗਾਤਾਰ ਮੀਂਹ ਪੈਂਦਾ ਰਹੇਗਾ। ਮੌਸਮ ਵਿਭਾਗ ਨੇ ਅੱਜ 8 ਜ਼ਿਲ੍ਹਿਆਂ ਵਿੱਚ ਯੈਲੋ ਅਲਰਟ ਜਾਰੀ ਕੀਤਾ ਹੈ, ਜਿੱਥੇ ਕੁਝ ਥਾਵਾਂ 'ਤੇ ਭਾਰੀ ਮੀਂਹ ਦੇ ਨਾਲ-ਨਾਲ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਇਨ੍ਹਾਂ ਜ਼ਿਲ੍ਹਿਆਂ ਵਿੱਚ ਊਨਾ, ਹਮੀਰਪੁਰ, ਬਿਲਾਸਪੁਰ, ਕਾਂਗੜਾ, ਮੰਡੀ, ਸ਼ਿਮਲਾ, ਸੋਲਨ ਅਤੇ ਸਿਰਮੌਰ ਸ਼ਾਮਲ ਹਨ। ਕੱਲ੍ਹ, ਯਾਨੀ 11 ਅਗਸਤ ਨੂੰ, ਮੌਸਮ ਵਿਭਾਗ ਨੇ 2 ਜ਼ਿਲ੍ਹਿਆਂ ਵਿੱਚ ਔਰੇਜ ਅਲਰਟ ਅਤੇ 6 ਜ਼ਿਲ੍ਹਿਆਂ ਵਿੱਚ ਯੈਲੋ ਅਲਰਟ ਜਾਰੀ ਕੀਤਾ ਹੈ। ਇਸ ਤੋਂ ਇਲਾਵਾ, ਪਰਸੋਂ ਤਿੰਨ ਜ਼ਿਲ੍ਹਿਆਂ ਵਿੱਚ ਔਰੇਂਜ ਅਲਰਟ ਰਹੇਗਾ। ਮੀਂਹ ਕਾਰਨ ਆਏ ਹੜ੍ਹਾਂ ਕਾਰਨ ਸੂਬੇ ਨੂੰ 1988 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ ਅਤੇ ਹੁਣ ਤੱਕ 219 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦੋਂ ਕਿ 37 ਲੋਕ ਅਜੇ ਵੀ ਲਾਪਤਾ ਹਨ। 362 ਸੜਕਾਂ ਅਜੇ ਵੀ ਬੰਦ ਹਨ। ਇਸ ਤੋਂ ਇਲ-ਾਵਾ, 613 ਬਿਜਲੀ ਟ੍ਰਾਂਸਫ਼ਾਰਮਰ ਕੰਮ ਨਹੀਂ ਕਰ ਰਹੇ ਹਨ, ਜਿਸ ਕਾਰਨ ਸੈਂਕੜੇ ਪਿੰਡ ਹਨੇਰੇ ਵਿੱਚ ਰਹਿ ਰਹੇ ਹਨ। ਇਸ ਦੇ ਨਾਲ ਹੀ, 520 ਜਲ ਪ੍ਰੋਜੈਕਟ ਵੀ ਨੁਕਸਾਨੇ ਗਏ ਹਨ। ਮੌਸਮ ਵਿਭਾਗ ਦੇ ਅਨੁਸਾਰ, ਸੂਬੇ ਵਿੱਚ 1 ਅਗਸਤ ਤੱਕ ਆਮ ਨਾਲੋਂ 33% ਵੱਧ ਬਾਰਿਸ਼ ਦਰਜ ਕੀਤੀ ਗਈ ਹੈ। ਇਸ ਸਮੇਂ ਦੌਰਾਨ, ਊਨਾ ਜ਼ਿਲ੍ਹੇ ਵਿਚ ਸਭ ਤੋਂ ਵੱਧ 266.9 ਮਿਲੀਮੀਟਰ ਬਾਰਿਸ਼ ਹੋਈ, ਜੋ ਕਿ ਆਮ ਨਾਲੋਂ 138% ਵੱਧ ਹੈ। ਬਿਲਾਸਪੁਰ ਵਿੱਚ 229.1 ਮਿਲੀਮੀਟਰ ਬਾਰਿਸ਼ ਦਰਜ ਕੀਤੀ ਗਈ, ਜੋ ਕਿ ਆਮ ਨਾਲੋਂ 116% ਵੱਧ ਹੈ।

## ਹੁਸ਼ਿਆਰਪੁਰ ਦੇ ਸਮਾਜ ਸੇਵੀ ਤੇ ਯੂਟਿਊਬਰ ਸੈਮ ਦੇ ਘਰ ’ਤੇ ਅਣਪਛਾਤੇ ਵਿਅਕਤੀਆਂ ਨੇ ਚਲਾਈਆਂ ਗੋਲੀਆਂ



**ਹੁਸ਼ਿਆਰਪੁਰ।** ਹੁਸ਼ਿਆਰਪੁਰ ਦੇ ਮਾਡਲ ਟਾਊਨ ’ਚ ਰਹਿੰਦੇ ਸਮਾਜ ਸੇਵੀ ਤੇ ਯੂਟਿਊਬਰ ਸੈਮ ਦੇ ਘਰ ’ਤੇ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਸੀਸੀਟੀਵੀ ’ਚ ਕੈਦ ਹੋਈ ਘਟਨਾ ਅਨੁਸਾਰ ਦੋ ਨਕਾਬਪੋਸ਼ ਮੋਟਰ ਸਾਈਕਲ ’ਤੇ ਆਉਂਦੇ ਹਨ ਸੈਮ ਹੁਸ਼ਿਆਰਪੁਰੀ ਦੇ ਘਰ ’ਤੇ ਦੋ ਫਾਇਰ ਕਰਕੇ ਫਰਾਰ ਹੋ ਜਾਂਦੇ ਹਨ। ਜ਼ਿਕਰਯੋਗ ਹੈ ਕਿ ਯੂਟਿਊਬਰ ਸੈਮ ਨੂੰ ਪਹਿਲਾਂ ਵੀ ਪਾਕਿਸਤਾਨੀ ਡੌਨ ਸ਼ਹਿਜ਼ਾਦ ਭੱਟੀ ਵੱਲੋਂ ਧਮਕੀ ਦਿੱਤੀ ਗਈ ਸੀ, ਕਿ ਜਲੰਧਰ ਦੀ ਤਰ੍ਹਾਂ ਉਸਦੇ ਘਰ ’ਤੇ ਵੀ ਗਰਨੇਡ ਹਮਲਾ ਕੀਤਾ ਜਾਵੇਗਾ। ਜਿਸ ਦੇ ਮੱਦੇਨਜ਼ਰ ਹੁਸ਼ਿਆਰਪੁਰ ਪੁਲਿਸ ਵੱਲੋਂ ਸੈਮ ਨੂੰ ਦੋ ਗਨਮੈਨ ਵੀ ਮੁਹੱਈਆ ਕਰਵਾਏ ਗਏ ਹਨ। ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਸੈਮ ਨੇ ਦੱਸਿਆ ਕੀ ਉਹ ਪਿਛਲੇ ਲੰਬੇ ਸਮੇਂ ਤੋਂ ਸਮਾਜ ਸੇਵਾ ਦਾ ਕੰਮ ਕਰਦਾ ਆ ਰਿਹਾ ਹੈ। ਜਦੋਂ ਬੀਤੀ ਰਾਤ ਉਹ ਆਪਣੇ ਘਰ ਮਾਡਲ ਟਾਊਨ ਵਿਖੇ ਸੁੱਤਾ ਪਿਆ ਸੀ ਤਾਂ ਪੌਣੇ 1 ਵਜੇ ਦੇ ਕਰੀਬ ਦੋ ਅਣਪਛਾਤੇ ਨੌਜਵਾਨ ਮੋਟਰਸਾਈਕਲ ਤੇ ਆਉਂਦੇ ਹਨ ਅਤੇ ਉਨ੍ਹਾਂ ਦੇ ਗੇਟ ਦੇ ’ਤੇ ਦੋ ਫਾਇਰ ਕਰਦੇ ਹਨ। ਜਿਸ ਤੋਂ ਬਾਅਦ ਉਹਨਾਂ ਦੀ ਅੱਖ ਖੁੱਲ੍ਹੀ ਅਤੇ ਜਦੋਂ ਉਨ੍ਹਾਂ ਬਾਹਰ ਆ ਕੇ ਦੇਖਿਆ ਤਾਂ ਬਾਹਰ ਗੋਲੀਆਂ ਦੇ ਖੋਲ ਪਏ ਸਨ। ਇਸ ਤੋਂ ਬਾਅਦ ਉਨ੍ਹਾਂ ਪੁਲਿਸ ਨੂੰ ਇਤਲਾਹ ਕੀਤੀ ਅਤੇ ਮਾਡਲ ਟਾਊਨ ਪੁਲਿਸ ਨੇ ਮੌਕੇ ’ਤੇ ਆ ਕੇ ਖੋਲ ਆਪਣੇ ਕਬਜ਼ੇ ਵਿੱਚ ਲੈ ਕੇ ਸੀਸੀਟੀਵੀ ਦੇ ਅਧਾਰ ’ਤੇ ਜਾਂਚ ਸ਼ੁਰੂ ਕਰ ਦਿੱਤੀ ਹੈ ਹੈ। ਸੈਮ ਨੇ ਅੱਗੇ ਕਿਹਾ ਕਿ ਬੇਸ਼ੱਕ ਪੁਲਿਸ ਵੱਲੋਂ ਉਨ੍ਹਾਂ ਨੂੰ ਦੋ ਗੰਨਮੈਨ ਦਿੱਤੇ ਗਏ ਹਨ, ਪਰ ਉਨ੍ਹਾਂ ’ਚੋਂ ਇਕ ਪੁਲਿਸ ਮੁਲਾਜ਼ਮ ਦੀ ਲੱਤ ਖਰਾਬ ਹੈ, ਜਿਸ ਕਰਕੇ ਉਹ ਸਹੀ ਤਰੀਕੇ ਨਾਲ ਆਪਣੀ ਡਿਊਟੀ ਨਹੀਂ ਕਰ ਸਕਦਾ। ਸੈਮ ਨੇ ਪੰਜਾਬ ਸਰਕਾਰ ਅਤੇ ਪੁਲਿਸ ਵਿਭਾਗ ਕੋਲੋਂ ਮੰਗ ਕੀਤੀ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਫਿੱਟ ਗੰਨਮੈਨ ਮੁਹੱਈਆ ਕਰਵਾਏ ਜਾਣ ਤਾਂ ਜੋ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਨੰਬਰਦਾਰ ਯੂਨੀਅਨ ਅਤੇ ਲਾਇਨਜ਼ ਕਲੱਬ ਵੱਲੋਂ ਜਸ਼ਨਾਂ ਨਾਲ ਮਨਾਇਆ ਜਾਵੇਗਾ ਆਜ਼ਾਦੀ ਦਿਹਾੜਾ - ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ

## ਕਾਲੇ ਅੰਗਰੇਜ਼ ਬਣ ਦੇਸ਼ ਦਾ ਅਕਸ ਦੁਨੀਆਂ ਵਿੱਚ ਧੁੰਧਲਾ ਨਾ ਕਰਨ ਕੁਰਸੀਧਾਰੀ – ਨੰਬਰਦਾਰ ਯੂਨੀਅਨ

**ਨੂਰਮਹਿਲ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੀ ਇੱਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਹੈੱਡ ਆਫਿਸ ਤਹਿਸੀਲ ਕੰਪਲੈਕਸ ਨੂਰਮਹਿਲ ਵਿਖੇ ਹੋਈ। ਇਸ ਮੌਕੇ ਨੰਬਰਦਾਰ ਸਾਹਿਬਾਨਾਂ ਨੇ ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਜੀ ਨੂੰ ਆਪਣੀ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕੀਤੀ ਅਤੇ ਦੇਸ਼ ਦਾ ਕੌਮੀ ਦਿਹਾੜਾ ਜਸ਼ਨ-ਏ-ਆਜ਼ਾਦੀ ਦੇ ਬੈਨਰ ਹੇਠ ਸ਼ਰਧਾ ਭਾਵ ਨਾਲ ਮਨਾਉਣ ਦਾ ਫੈਸਲਾ ਲਿਆ। ਨੰਬਰਦਾਰਾਂ ਨੇ ਸਮੂਹ ਨੰਬਰਦਾਰ ਸਾਹਿਬਾਨਾਂ, ਨੂਰਮਹਿਲ ਨਿਵਾਸੀਆਂ ਸਮੇਤ ਇਲਾਕਾ ਨਿਵਾਸੀਆਂ ਨੂੰ 15 ਅਗਸਤ ਨੂੰ ਸਵੇਰੇ 8 ਵਜੇ ਤਹਿਸੀਲ ਕੰਪਲੈਕਸ ਨੂਰਮਹਿਲ ਵਿਖੇ ਪਹੁੰਚਣ ਦਾ ਆਦਰ ਸਹਿਤ ਸੱਦਾ ਪੱਤਰ ਦਿੱਤਾ। ਮੀਟਿੰਗ ਵਿੱਚ ਸ਼ਾਮਿਲ ਨੰਬਰਦਾਰ ਸਾਹਿਬਾਨਾਂ ਨੇ ਸਮਾਗਮ ਨੂੰ ਸਫਲ ਬਣਾਉਣ ਲਈ ਵਿੱਤੀ ਸਹਾਇਤਾ ਵੀ ਖੁੱਲ੍ਹੇ ਦਿਲ ਨਾਲ ਦਿੱਤੀ। ਭੈਣ-ਭਰਾ ਦੇ ਰਿਸ਼ਤੇ ਨੂੰ ਕੱਚੇ ਧਾਗੇ ਨਾਲ ਮਜ਼ਬੂਤੀ ਨਾਲ ਬੰਨਣ ਵਾਲੇ ਤਿਓਹਾਰ ਰੱਖੜੀ ਦੀਆਂ ਦੁਨੀਆ ਵਿੱਚ ਵਸਦੇ ਹਰ ਭੈਣ-ਭਰਾ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੀਟਿੰਗ ਵਿੱਚ ਉਹਨਾਂ ਕੁਰਸੀਧਾਰੀ ਰਾਜਨੀਤਕ ਲੀਡਰਾਂ ਅਤੇ ਅਫਸਰਾਂ ਨੂੰ ਆੜੇ ਹੱਥੀਂ ਲੈਂਦਿਆਂ ਨੰਬਰਦਾਰ ਸਾਹਿਬਾਨਾਂ ਨੇ ਕਿਹਾ ਉਹ ਕਾਲੇ ਅੰਗਰੇਜ਼ ਬਣ ਕੇ



ਦੇਸ਼ ਦਾ ਅਕਸ ਦੁਨੀਆ ਵਿੱਚ ਨਿੱਤ ਵਿਗਾੜਨ ਤੋਂ ਬਾਜ਼ ਆਉਣ, ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਲਾਜ਼ ਰੱਖਣ। ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਕਿ ਨੰਬਰਦਾਰਾਂ ਦਾ ਮਾਣ-ਭੱਤਾ 5000/- ਰੁਪਏ ਪ੍ਰਤੀ ਮਹੀਨਾ ਦੇਣ ਦਾ ਐਲਾਨ ਜਲਦੀ ਕਰਨ। ਹਲਕਾ ਵਿਧਾਇਕ ਨਕੋਦਰ ਸ਼੍ਰੀਮਤੀ ਇੰਦਰਜੀਤ ਕੌਰ ਮਾਨ ਨੂੰ ਬੇਨਤੀ ਕਰਦਿਆਂ ਕਿਹਾ ਕਿ ਉਹ ਨੰਬਰਦਾਰਾਂ ਦੀਆਂ ਚਿਰ ਕਾਲ ਤੋਂ ਲਟਕ ਰਹੀਆਂ ਮੰਗਾਂ ਦਾ ਮਸਲਾ ਵਿਧਾਨ ਸਭਾ ਵਿੱਚ ਰੱਖਣ, ਨੂਰਮਹਿਲ ਦੇ ਸਰਕਾਰੀ ਸਕੂਲ ਨੂੰ ਉਸਾਰਣ ਵਿੱਚ ਦੇਰੀ ਨਾ ਕਰਨ। ਨੂਰਮਹਿਲ ਦੇ ਨਾਇਬ ਤਹਿਸੀਲਦਾਰ ਜਸਵਿੰਦਰ ਸਿੰਘ ਵੱਲੋਂ ਸਬ ਤਹਿਸੀਲ ਨੂਰਮਹਿਲ ਦੀ ਜੋ ਨੁਹਾਰ ਬਦਲੀ ਹੈ, ਸਮੂਹ ਨੰਬਰਦਾਰ ਸਾਹਿਬਾਨਾਂ ਨੇ ਮਿਲਕੇ ਸ਼ਲਾਘਾ ਕੀਤੀ। ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੇ ਪ੍ਰਧਾਨ ਲਾਇਨ ਦਿਨਕਰ ਸੰਧੂ, ਸਲਾਹਕਾਰ ਲਾਇਨ ਸੀਤਾ ਰਾਮ ਸੋਖਲ ਉਚੇਚੇ ਤੌਰ 'ਤੇ ਸ਼ਾਮਿਲ ਹੋਏ ਜਿਨ੍ਹਾਂ ਨੇ 15 ਅਗਸਤ ਮੌਕੇ ਵਿਸ਼ੇਸ਼ ਸਹਿਯੋਗ ਕਰਨ ਦਾ ਐਲਾਨ ਕੀਤਾ। ਇਸ ਮੀਟਿੰਗ ਵਿੱਚ ਜਥੇਬੰਦੀ ਦੇ ਪ੍ਰਮੁੱਖ ਆਗੂ ਸੁਰਿੰਦਰ ਸਿੰਘ ਬੁਰਜ ਕੇਲਾ ਸਕੱਤਰ ਜਨਰਲ, ਰਾਮ ਦਾਸ ਬਾਲੂ ਚੂਹੇਕੀ ਕੈਸ਼ੀਅਰ, ਜਗਨ ਨਾਲ ਚਾਹਲ ਪੀ.ਆਰ.ਓ, ਤਰਸੇਮ ਲਾਲ ਉੱਪਲ ਖਾਲਸਾ ਪ੍ਰੈੱਸ ਸਕੱਤਰ, ਮਹਿੰਦਰ ਸਿੰਘ ਨਾਹਲ ਵਿਸ਼ੇਸ਼ ਸਲਾਹਕਾਰ, ਜਰਨੈਲ ਸਿੰਘ ਗਦਰਾ ਸਲਾਹਕਾਰ ਤੋਂ ਜਥੇਬੰਦੀ ਦੇ ਪ੍ਰਮੁੱਖ ਕ੍ਰਮਵਾਰ ਜਗੀਰ ਸਿੰਘ ਸੰਗੋਵਾਲ, ਸੀਤਲ ਦਾਸ ਰਾਜੋਵਾਲ, ਹਰਪਾਲ ਸਿੰਘ ਪੁਆਦੜਾ, ਬੱਗੜ ਰਾਮ ਬਿਲਗਾ, ਦਿਲਬਾਗ ਸਿੰਘ ਜੰਡਿਆਲਾ, ਅਸ਼ੋਕ ਕੁਮਾਰ ਕੰਦੋਲਾ ਖੁਰਦ ਸਾਬਕਾ ਸਰਪੰਚ, ਲਖਬੀਰ ਸਿੰਘ ਪੁਆਦੜਾ, ਅਜੀਤ ਰਾਮ ਤਲਵਣ, ਦਿਲਾਵਰ ਸਿੰਘ ਅਤੇ ਅਮਰਜੀਤ ਗੁਮਟਾਲੀ, ਆਤਮਾ ਰਾਮ ਭੰਡਾਲ ਬੂਟਾ, ਭਜਨ ਲਾਲ ਕਾਦੀਆਂ, ਸ਼ਰਧਾ ਰਾਮ ਲਖਣਪਾਲ, ਪ੍ਰੇਮ ਚੰਦ ਮੁਆਈ, ਕਸ਼ਮੀਰ ਚੰਦ ਧਨੀ ਪਿੰਡ, ਬਲਜਿੰਦਰ ਸਿੰਘ ਬਿਲਗਾ, ਗੁਰ-ਚਰਨ ਸਿੰਘ ਧਨੀ ਪਿੰਡ, ਸੁਖਵਿੰਦਰ ਸਿੰਘ ਉਮਰਪੁਰ ਕਲਾਂ, ਸੰਤੋਖ ਸਿੰਘ ਬਿਲਗਾ, ਕਸ਼ਮੀਰੀ ਲਾਲ ਤਲਵਣ, ਰਮੇਸ਼ ਲਾਲ ਤੋਂ ਇਲਾਵਾ ਸਬ ਤਹਿਸੀਲ ਦੇ ਪਟਵਾਰੀ ਸਾਹਿਬਾਨਾਂ ਅਤੇ ਫਰਦ ਕੇਂਦਰ ਦੇ ਕਰਮਚਾਰੀਆਂ ਨੇ ਜਿੱਥੇ ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਉੱਥੇ 15 ਅਗਸਤ ਨੂੰ ਰਾਸ਼ਟਰੀ ਝੰਡੇ ਨੂੰ ਸਲਾਮ ਅਤੇ ਸ਼ਹੀਦਾਂ ਨੂੰ ਪ੍ਰਣਾਮ ਕਰਨ ਲਈ ਸਾਥੀਆਂ ਸਮੇਤ ਗੱਜ-ਵੱਜ ਕੇ ਪਹੁੰਚਣ ਦਾ ਅਹਿਦ ਲਿਆ।

# ਲੈਂਡ ਪੂਲਿੰਗ ਨੀਤੀ ਦੇ ਵਿਰੁੱਧ ਪਾਰਟੀ ਵੱਲੋਂ ਕੀਤੇ ਜਾਣ ਵਾਲੇ ਸੰਘਰਸ਼ ਸੰਬੰਧੀ ਨਾਨਕਪੁਰ ਨੇ ਸੁਖਬੀਰ ਬਾਦਲ ਨਾਲ ਕੀਤੀ ਮੁਲਾਕਾਤ

## ਅਕਾਲੀ ਦਲ ਸਰਕਾਰ ਦੀ ਕਿਸਾਨਾਂ ਦੀਆਂ ਜਮੀਨਾਂ ਹੜੱਪਣ ਦੀ ਨੀਤੀ ਦਾ ਡਟ ਕੇ ਵਿਰੋਧ ਕਰੇਗਾ :-ਨਾਨਕਪੁਰ

ਕਪੂਰਥਲਾ , 9ਅਗਸਤ ( ਕੌੜਾ )- ਦਿੱਲੀ ਦੇ ਆਗੂਆਂ ਦੀ ਸ਼ਹਿ ਤੇ ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਨੀਤੀ ਤਹਿਤ ਕਿਸਾਨਾਂ ਦੀਆਂ ਜਮੀਨਾਂ ਹੜੱਪਣ ਲਈ ਕੀਤੀ ਜਾ ਰਹੀ ਕੋਸ਼ਿਸ਼ ਦਾ ਸ਼੍ਰੋਮਣੀ ਅਕਾਲੀ ਦਲ ਪੰਜਾਬ ਅੰਦਰ ਡਟ ਕੇ ਵਿਰੋਧ ਕਰੇਗਾ। ਕਿਸਾਨਾਂ ਦੀਆਂ ਕੀਮਤੀ ਜਮੀਨਾਂ ਨੂੰ ਕਿਸੇ ਵੀ ਹਾਲਤ ਵਿੱਚ ਦਿੱਲੀ ਦੇ ਮਾਫੀਆ ਸਰਗਨਿਆਂ ਕੋਲ ਨਹੀਂ ਜਾਣ ਦਿੱਤਾ ਜਾਵੇਗਾ। ਜਿਸ ਦੇ ਲਈ ਸ਼੍ਰੋਮਣੀ ਅਕਾਲੀ ਦਲ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਤਿੱਖਾ ਸੰਘਰਸ਼ ਲੜੇਗਾਝ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਸੁਲਤਾਨਪੁਰ ਲੋਧੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਨਾਨਕਪੁਰ ਨੇ ਪਾਰਟੀ ਪ੍ਰਧਾਨ ਸ੍ਰ ਸੁਖਬੀਰ ਸਿੰਘ ਬਾਦਲ ਸਾਹਿਬ ਨਾਲ ਮੀਟਿੰਗ ਕਰਨ ਉਪਰੰਤ ਕਰਦਿਆਂ ਦੱਸਿਆ ਕਿ ਪਾਰਟੀ ਪ੍ਰਧਾਨ ਸ੍ਰ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦੇ ਸਾਰੇ ਆਗੂਆਂ ਅਤੇ ਵਰਕਰਾਂ ਨੂੰ ਇਸ ਕਿਸਾਨ ਮਾਰੂ ਨੀਤੀ ਖਿਲਾਫ ਡੱਟ ਜਾਣ ਅਤੇ ਮੋਰਚੇ ਲਈ ਤਿਆਰ ਰਹਿਣ ਦੀਆਂ ਹਦਾਇਤਾਂ ਕੀਤੀਆਂ ਹਨ ਅਤੇ



ਹਲਕਾ ਸੁਲਤਾਨਪੁਰ ਲੋਧੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਨਾਨਕਪੁਰ ਲੈਂਡ ਪੂਲਿੰਗ ਨੀਤੀ ਦੇ ਵਿਰੋਧ ਵਿੱਚ ਕੀਤੇ ਜਾਣ ਵਾਲੇ ਸੰਘਰਸ਼ ਸਬੰਧੀ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਗੱਲਬਾਤ ਕਰਦੇ ਹੋਏ

ਕਿਹਾ ਹੈ ਕੇ ਜੇ ਸਰਕਾਰ ਇਸ ਨੀਤੀ ਨੂੰ ਵਾਪਿਸ ਨਹੀਂ ਲੈਂਦੀ ਤਾਂ ਅਕਾਲੀ ਦਲ ਦਾ ਇੱਕ ਜੱਥਾ ਹਰ ਰੋਜ਼ ਗੁਰਦੁਆਰਾ ਅੰਬ ਸਾਹਿਬ ਤੋਂ ਅਰਦਾਸ ਕਰਕੇ ਕੇਜਰੀਵਾਲ ਦੇ ਘਰ ਦੇ ਬਾਹਰ ਧਰਨਾ ਲਾਵੇਗਾ ਙਨਾਨਕ ਪੁਰ ਨੇ ਦੱਸਿਆ ਕਿ ਜੇ ਇਹ ਮੋਰਚਾ ਲੱਗਦਾ ਹੈ ਤਾਂ ਹਲਕਾ ਸੁਲਤਾਨਪੁਰ ਲੋਧੀ ਤੋਂ ਵੱਡੀ ਗਿਣਤੀ ਵਿੱਚ ਅਕਾਲੀ ਦਲ ਦੇ ਵਰਕਰ ਇਸ ਵਿੱਚ ਹਿੱਸਾ ਲੈਣਗੇ ਙਨਾਨਕਪੁਰ ਨੇ ਕਿਹਾ ਕਿ ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਅਤੇ ਇਸ ਦੀ ਆਰਥਿਕਤਾ ਖੇਤੀ ਤੇ ਨਿਰਭਰ ਕਰਦੀ ਹੈ ਙਪਹਿਲਾਂ ਹੀ ਪੰਜਾਬ ਦੀ ਬਹੁਤ ਸਾਰੀ ਜ਼ਮੀਨ ਨਵੇਂ ਬਣ ਰਹੇ ਐਕਸਪ੍ਰੈਸ ਹਾਈਵੇ ਕਾਰਨ ਐਕਵਾਇਰ ਹੋ ਚੁੱਕੀ ਹੈ ਤੇ ਹੁਣ ਫਿਰ ਪੰਜਾਬ ਸਰਕਾਰ ਲਗਪਗ 70000 ਏਕੜ ਜਮੀਨ ਐਕਵਾਇਰ ਕਰਕੇ 14000 ਕਿਸਾਨ ਪਰਿਵਾਰਾਂ ਨੂੰ ਉਜਾੜਨਾ ਚਾਹੁੰਦੀ ਹੈ ਙਉਹਨਾਂ ਦੱਸਿਆ ਕਿ ਕੇਜਰੀਵਾਲ ਦਿੱਲੀ ਦੇ ਲੈਂਡ ਮਾਫੀਆ ਨੂੰ ਇਹ ਜਮੀਨ ਦੇ ਕੇ ਉਹਨਾਂ ਕੋਲੋਂ ਵੱਡੀ ਰਕਮ ਖੁੱਦ ਹੜੱਪਣਾ ਚਾਹੁੰਦਾ ਹੈ ਙਨਾਨਕਪੁਰ ਨੇ ਦੱਸਿਆ ਕਿ ਪੰਜਾਬ ਵਿੱਚ ਨਵੀਆਂ ਕਾਲੋਨੀਆਂ ਦੀ ਕੋਈ ਲੋੜ ਨਹੀਂ ਹੈ,ਸਰਕਾਰ ਪਹਿਲੀਆਂ ਬੇ ਅਬਾਦ ਕਾਲੋਨੀਆਂ ਨੂੰ ਬੁਨਿਆਦੀ ਸਹੂਲਤਾਂ ਦੇ ਕੇ ਵਿਕਸਿਤ ਕਰ ਸਕਦੀ ਹੈ ਙਉਹਨਾਂ ਕਿਹਾ ਕਿ ਪੰਜਾਬ ਸਰਕਾਰ ਵਾਹੀਯੋਗ ਜ਼ਮੀਨ ਨੂੰ ਹੜੱਪਣ ਦੀ ਬਜਾਇ ਇੱਥੇ ਖੇਤੀ ਅਧਾਰਿਤ ਉਦਯੋਗ ਲਗਾ ਕੇ ਪੰਜਾਬੀਆਂ ਨੂੰ ਰੁਜਗਾਰ ਦੇਵੇ ਙਇਸ ਮੌਕੇ ਉਹਨਾਂ ਨਾਲ ਦਰਬਾਰਾ ਸਿੰਘ ਵਿਰਦੀ,ਗੁਰਮੇਲ ਸਿੰਘ ਨਾਨਕਪੁਰ, ਸਤਨਾਮ ਸਿੰਘ ਰਾਮੇ,ਅਰੁਣਦੀਪ ਸਿੰਘ ਸੈਦ ਪੁਰ,ਅਵਤਾਰ ਸਿੰਘ ਮੌੜ,ਹਰਿੰਦਰ ਸਿੰਘ ਖਿੰਡਾ,ਪਰਮਜੀਤ ਸਿੰਘ ਦੋਆਬਾ,ਸਿਮਰਜੀਤ ਸਿੰਘ ਸੈਦ ਪੁਰ,ਨਰਿੰਦਰ ਸਿੰਘ ਮਾਜਹਾਦ ਪੁਰ,ਅਮਰਜੀਤ ਸਿੰਘ ਕੋਲੀਆਂਵਾਲ,ਮਹਿੰਦਰ ਸਿੰਘ ਭਵਾਨੀ ਪੁਰ,ਕਸ਼ਮੀਰ ਸਿੰਘ ਕੋਲੀਆਂਵਾਲ ਸਮੇਤ ਵੱਡੀ ਗਿਣਤੀ ਵਿੱਚ ਨੌਜਵਾਨ ਹਾਜਰ ਸਨ।

## ਜੋਨਲ ਟੂਰਨਾਮੈਂਟ ਵਿੱਚ ਸਰਕਾਰੀ ਹਾਈ ਸਕੂਲ ਦੇਵਲਾਂਵਾਲਾ ਦੇ ਖਿਡਾਰੀ ਕਬੱਡੀ ਵਿੱਚ ਬਣੇ ਚੈਂਪੀਅਨ



**ਕਪੂਰਥਲਾ, 9 ਅਗਸਤ ( ਵਿਸ਼ੇਸ਼ ਪ੍ਰਤੀਨਿਧ )-** ਸੈਸ਼ਨ 2025-26 ਦੀਆਂ ਜੋਨ (ਕਪੂਰਥਲਾ-2) ਖੇਡਾਂ ਦਾ ਆਗਾਜ ਗੁਰੂ ਨਾਨਕ ਸਟੇਡੀਅਮ ਕਪੂਰਥਲਾ ਵਿਖੇ ਧੂਮਧਾਮ ਨਾਲ ਹੋਇਆ। ਇਸ ਬਾਰੇ ਹਰਪ੍ਰੀਤ ਪਾਲ ਸਿੰਘ ਪੀ ਟੀ ਆਈ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਕਾਰੀ ਹਾਈ ਸਕੂਲ ਦੇਵਲਾਂਵਾਲਾ ਦੇ ਖਿਡਾਰੀਆਂ ਨੇ ਉਮਰ ਵਰਗ (14 ਸਾਲ ਲੜਕੇ)ਕਬੱਡੀ ਸਰਕਲ ਸਟਾਈਲ ਵਿੱਚ ਵਿਰੋਧੀ ਟੀਮਾਂ ਨੂੰ ਪਛਾੜਦੇ ਹੋਏ ਫਾਈਨਲ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇਸਲਾਂ ਦੀ ਟੀਮ ਨੂੰ ਸਖਤ ਟੱਕਰ ਦਿੰਦਿਆਂ ਪਹਿਲਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਕਬੱਡੀ ਨੈਸ਼ਨਲ ਸਟਾਈਲ ਲੜਕੇ ਉਮਰ ਵਰਗ (14ਸਾਲ) ਵਿੱਚ ਵੀ ਲੀਗ ਮੈਚਾਂ ਤੋਂ ਚੱਲ ਕੇ ਫਾਈਨਲ ਵਿੱਚ ਸਰਕਾਰੀ ਮਿਡਲ ਸਕੂਲ ਆਰ ਸੀ ਐਫ ਦੀ ਟੀਮ ਨੂੰ ਗਹਿਗੱਚ ਮੁਕਾ-ਬਲੇ ਦੌਰਾਨ ਹਰਾ ਕੇ ਜੇਤੂ ਬਣੀ। ਸਕੂਲ ਮੁੱਖ ਅਧਿਆਪਕਾ ਸ਼੍ਰੀਮਤੀ ਜਤਿੰਦਰ ਕੌਰ ਨੇ ਟੀਮ ਕੋਚ, ਖਿਡਾਰੀਆਂ ਤੇ ਉਹਨਾਂ ਦੇ ਮਾਪਿਆਂ ਨੂੰ ਜੇਤੂ ਹੋਣ ਤੇ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਟੀਮ ਮੈਨੇਜਰ ਹਰਵੇਲ ਸਿੰਘ, ਪਵਨਦੀਪ ਕੌਰ, ਰੂਬਲ ਪਰਾਸ਼ਰ, ਮਿਸ ਰਜਨਦੀਪ ਕੌਰ, ਮੀਨੂੰ, ਜਸਪ੍ਰੀਤ ਕੌਰ, ਨਵਜੋਤ ਕੌਰ, ਗਗਨਦੀਪ ਸਿੰਘ, ਜਤਿੰਦਰ ਸਿੰਘ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਬਾਬਾ ਬੀਰ ਸਿੰਘ ਜੀ ਦੇ ਜਨਮ ਦਿਹਾੜੇ ਦੇ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ ਤੇ

## ਸੰਗਤਾਂ ਵਿੱਚ ਭਾਰੀ ਸ਼ਰਧਾ ਤੇ ਉਤਸ਼ਾਹ ਪਾਇਆ ਜਾ ਰਿਹਾ– ਸੰਤ ਹਰਜੀਤ ਸਿੰਘ

**ਕਪੂਰਥਲਾ ( ਕੌੜਾ )–** ਪੂਰਨ ਬ੍ਰਹਮ ਗਿਆਨੀ ਮਹਾਨ ਸ਼ਹੀਦ ਸੰਤ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦੇ ਜਨਮ ਦਿਹਾੜੇ ਮੌਕੇ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਵਿਖੇ ਮੁੱਖ ਸੇਵਾਦਾਰ ਸੰਤ ਬਾਬਾ ਹਰਜੀਤ ਸਿੰਘ ਕਾਰ ਸੇਵਾ ਵਾਲਿਆਂ ਦੀ ਸਰਪ੍ਰਸਤੀ ਹੇਠ ਸਮੁੱਚੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ 13 ਅਗਸਤ ਤੋਂ 15 ਅਗਸਤ ਤੱਕ ਤਿੰਨ ਰੋਜਾ ਸਮਾਗਮ ਬੜੇ ਉਤਸ਼ਾਹ ਤੇ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ ਜਿਸ ਦੀਆਂ ਤਿਆਰੀਆਂ ਜ਼ੋਰਾਂ ਤੇ ਚੱਲ ਰਹੀਆਂ ਹਨ।

ਧੰਨ ਧੰਨ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦੇ ਜਨਮ ਦਿਹਾੜੇ ਨੂੰ ਲੈ ਕੇ ਦੇਸ਼ ਵਿਦੇਸ਼ ਅਤੇ ਇਲਾਕੇ ਭਰ ਦੀਆਂ ਸੰਗਤਾਂ ਵਿੱਚ ਭਾਰੀ ਸ਼ਰਧਾ ਭਾਵਨਾ ਤੇ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਸਬੰਧੀ



ਸੰਤ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦੇ ਜਨਮ ਦਿਹਾੜੇ ਮੌਕੇ ਕਰਵਾਏ ਜਾ ਰਹੇ ਸਮਾਗਮ ਦੀਆਂ ਤਿਆਰੀਆਂ ਸਬੰਧੀ ਗੱਲਬਾਤ ਕਰਦੇ ਹੋਏ ਮੁੱਖ ਸੇਵਾਦਾਰ ਬਾਬਾ ਹਰਜੀਤ ਸਿੰਘ ਕਾਰ ਸੇਵਾ ਵਾਲੇ ਤੇ ਨਾਲ ਹੋਰ ਸੇਵਾਦਾਰ।

ਜਾਣਕਾਰੀ ਦਿੰਦੇ ਹੋਏ ਬਾਬਾ ਹਰਜੀਤ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਕਾਰ ਸੇਵਾ ਵਾਲਿਆ ਨੇ ਦੱਸਿਆ ਕਿ 13 ਅਗਸਤ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ ਜਿਨਾਂ ਦੇ ਭੋਗ 15 ਅਗਸਤ ਨੂੰ ਸਵੇਰੇ 9 ਵਜੇ ਪਾਏ ਜਾਣਗੇ। ਉਨਾਂ ਦੱਸਿਆ ਕਿ ਉਪਰੰਤ ਧਾਰਮਿਕ ਸੁੰਦਰ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਸੰਤ ਮਹਾਂਪੁਰਸ਼, ਰਾਗੀ, ਢਾਡੀ, ਕਵੀਸ਼ਰ, ਕਥਾਵਾਚਕ ਸੰਗਤਾਂ ਨਾਲ ਗੁਰਬਾਣੀ ਅਤੇ ਗੁਰ ਇਤਿਹਾਸ ਦੀ ਸਾਂਝ ਪਾਉਣਗੇ। ਉਹਨਾਂ ਦੱਸਿਆ ਕਿ ਸਮਾਗਮ ਦੀਆਂ ਤਿਆਰੀਆਂ ਪੂਰੇ ਜ਼ੋਰਾਂ ਤੇ ਚੱਲ ਰਹੀਆਂ ਹਨ ਜਿਸ ਲਈ ਸੇਵਾਦਾਰ ਤੇ ਸੰਗਤਾਂ ਨਿਸ਼ਕਾਮ ਸੇਵਾ ਨਿਰੰਤਰ ਦਿਨ ਰਾਤ ਕਰ ਰਹੀਆਂ ਹਨ। ਉਹਨਾਂ ਦੱਸਿਆ ਕਿ ਦਰਬਾਰ ਸਾਹਿਬ ਨੂੰ ਸਜਾਉਣ ਅਤੇ ਸੁੰਦਰ ਪੰਡਾਲ ਲਈ ਵੀ ਤਿਆਰੀਆਂ ਚੱਲ ਰਹੀਆਂ ਹਨ। ਮੁੱਖ ਦੁਆਰ ਦਰਸ਼ਨੀ ਡਿਊੜੀ ਅਤੇ ਸਮੁੱਚੇ ਰਸਤੇ ਨੂੰ ਸੁੰਦਰ ਲਾਈਟਾਂ ਨਾਲ ਸਜਾਇਆ ਜਾ ਰਿਹਾ ਹੈ। ਬਾਬਾ ਹਰਜੀਤ ਸਿੰਘ ਵੱਲੋਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕੀਤੀ ਕਿ ਧੰਨ ਧੰਨ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦੇ ਜਨਮ ਦਿਹਾੜੇ ਮੌਕੇ ਤਿੰਨ ਰੋਜ਼ਾ ਸਮਾਗਮਾਂ ਵਿੱਚ ਵੱਧ ਤੋਂ ਵੱਧ ਗੁਰੂ ਘਰ ਨਤਮਸਤਕ ਹੋ ਕੇ ਨਿਸ਼ਕਾਮ ਸੇਵਾ ਕਰਦਿਆਂ ਲਾਹਾ ਪ੍ਰਾਪਤ ਕਰਨ।

# ਸਵੱਛ ਵਾਤਾਵਰਨ ਰੱਖਣ ਲਈ ਰੁੱਖ ਲਗਾਉਣੇ ਹਰ ਇਨਸਾਨ ਲਈ ਜ਼ਰੂਰੀ ਹੈ:- ਸ੍ਰੀ ਰਾਮ ਬਿਰਹਾ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ** )ਜੌਇੰਟ ਐਸੋਸੀਏਸ਼ਨ ਇੰਡੀਪੈਂਡਟ ਮੈਡੀਕਲ ਲੈਬੋਟਰੀ ਐਂਡ ਅਲਾਈਡ ਪ੍ਰੋਫੈਸ਼ਨਲ ਬਲਾਕ ਨਵਾਂਸ਼ਹਿਰ ਵੱਲੋਂ ਬਲਾਕ ਪ੍ਰਧਾਨ ਡਾਕਟਰ ਸ੍ਰੀ ਰਾਮ ਬਿਰਹਾ ਦੀ ਅਗਵਾਈ ਵਿੱਚ ਮੈਂਬਰਾਂ ਵੱਲੋਂ ਨਵਾਂਸ਼ਹਿਰ ਦੇ ਆਸ ਪਾਸ ਛਾਂ ਦਾਰ ਅਤੇ ਫ਼ਲਦਾਰ ਬੂਟੇ ਲਗਾਏ ਗਏ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜੈ ਮਿਲਾਪ ਐਸੋਸੀਏਸ਼ਨ ਦੇ ਨਵਾਂਸ਼ਹਿਰ ਬਲਾਕ ਦੇ ਪ੍ਰਧਾਨ ਡਾਕਟਰ ਸ੍ਰੀ ਰਾਮ ਬਿਰਹਾ ਨੇ ਕਿਹਾ ਕਿ ਸਵੱਛ ਵਾਤਾਵਰਨ ਰੱਖਣ ਲਈ ਰੁੱਖ ਲਗਾਉਣੇ ਹਰ ਇੱਕ




ਇਨਸਾਨ ਦਾ ਫਰਜ਼ ਬਣਦਾ ਹੈ। ਹਵਾ ਵਿੱਚ ਪ੍ਰਦੂਸ਼ਣ ਫ਼ੈਲਣ ਨਾਲ ਇਨਸਾਨ ਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਹੋਣ ਦਾ ਖਦਸ਼ਾ ਰਹਿੰਦਾ ਹੈ। ਇਸ ਲਈ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਰੁੱਖਾਂ ਦਾ ਲਗਾਉਣਾ ਅਤਿ ਜ਼ਰੂਰੀ ਹੈ। ਰੁੱਖ ਜਿੱਥੇ ਸਾਨੂੰ ਠੰਢੀ ਛਾਂ ਦਿੰਦੇ, ਫ਼ਲ ਦਿੰਦੇ ਉੱਥੇ ਸਾਡੇ ਸਾਹ ਲੈਣ ਲਈ ਤਾਜ਼ਾ ਆਕਸੀਜਨ ਵੀ ਦਿੰਦੇ ਹਨ। ਇਸ ਸਮੇਂ ਉਨ੍ਹਾਂ ਦੇ ਨਾਲ ਜ਼ਿਲ੍ਹਾ ਕੈਸ਼ੀਅਰ ਅਮਿਤ ਭੱਲਾ, ਵਾਇਸ ਚੇਅਰਮੈਨ ਗੁਰਦੀਪ ਕੁਮਾਰ, ਬਲਾਕ ਕੈਸ਼ੀਅਰ ਡਾਕਟਰ ਤਜਿੰਦਰਪਾਲ ਸਿੰਘ, ਜਨਰਲ ਸਕੱਤਰ ਸੁਖਬੀਰ ਕੁਮਾਰ ਅਤੇ ਬਲਾਕ ਦੇ ਸਮੂਹ ਮੈਂਬਰ ਹਾਜ਼ਰ ਸਨ।

# ਕਿਰਤੀ ਕਾਮਿਆਂ ਨੇ ਸੀਟੀਯੂ ਪੰਜਾਬ ਦੇ ਬੈਨਰ ਹੇਠ ਕਾ. ਵਿਜੇ ਮਿਸ਼ਰਾ ਦੀ ਦੂਜੀ ਬਰਸੀ ਮਨਾਈ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸੀਆਈਟੀਯੂ ਅਤੇ ਸੀਟੀਯੂ ਪੰਜਾਬ ਦੇ ਪ੍ਰਧਾਨ ਰਹਿ ਚੁੱਕੇ ਕਾਮਰੇਡ ਵਿਜੇ ਮਿਸ਼ਰਾ ਦੀ ਦੂਜੀ ਬਰਸੀ ਦਾ ਸਮਾਗਮ ਅੱਜ ਸੀਟੀਯੂ ਦੇ ਪ੍ਰਧਾਨ ਕਾਮਰੇਡ ਦੇਵਰ-ਾਜ ਵਰਮਾ, ਜ਼ਿਲ੍ਹਾ ਪ੍ਰਧਾਨ ਕਾਮਰੇਡ ਪਰਮਜੀਤ ਸਿੰਘ ਅਤੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਜਗਦੀਸ਼ ਚੰਦ ਦੀ ਅਗਵਾਈ ਵਿੱਚ ਫੋਕਲ ਪੁਆਇੰਟ ਵਿਖੇ ਲਾਲ ਝੰਡਾ ਬਜਾਜ ਸਨਜ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਸ਼ੁਦੇਸਵਰ ਤਿਵਾਰੀ ਅਤੇ ਕਿਰਤੀ ਕਾਮਿਆਂ ਵੱਲੋਂ ਕਾਮਰੇਡ ਵਿਜੇ ਮਿਸ਼ਰਾ ਨੂੰ ਸ਼ਰਧਾ ਤੇ ਸਤਿਕਾਰ ਸਹਿਤ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਹਾਜ਼ਰ ਆਗੂਆਂ ਨੇ ਕਿਹਾ ਕਿ ਕਾਮਰੇਡ ਵਿਜੇ ਮਿਸ਼ਰਾ ਨੇ ਆਪਣੀ ਪੂਰੀ ਜ਼ਿੰਦਗੀ ਮਜ਼ਦੂਰਾਂ ਦੇ ਹੱਕਾਂ ਅਤੇ ਸੰਗਰਸ਼ ਲਈ ਸਮਰਪਿਤ ਕੀਤੀ। ਉਹ ਮਜ਼ਦੂਰ ਏਕਤਾ, ਸ਼ੋਸ਼ਣ ਮੁਕਤ ਸਮਾਜ ਅਤੇ ਕਿਰਤੀਆਂ ਦੇ ਹੱਕਾਂ ਦੀ ਲੜਾਈ ਨੂੰ ਅੱਗੇ ਹੋ ਕੇ ਲੜਦੇ ਸਨ। ਉਹਨਾਂ ਦੀ ਸੋਚ ਅਤੇ ਸੰਘਰਸ਼ ਦਾ ਰਾਹ ਮਜ਼ਦੂਰ ਅੰਦੋਲਨ ਲਈ ਸਦਾ ਪ੍ਰੇਰਣਾ ਸ੍ਰੋਤ ਰਿਹਾ ਹੈ ਤੇ ਆਉਣ ਵਾਲੇ ਸਮੇਂ ਵਿੱਚ ਰਹੇਗਾ। ਕਾਮ-ਰੇਡ ਦੇਵਰਾਜ ਵਰਮਾ, ਕਾਮਰੇਡ ਪਰਮਜੀਤ ਸਿੰਘ ਅਤੇ ਕਾਮਰੇਡ ਜਗਦੀਸ਼ ਚੰਦ ਨੇ ਆਪਣੇ ਸੰਬੋਧਨ ਵਿੱਚ ਇਹ ਵੀ ਦ੍ਰਿੜ੍ਹ ਕੀਤਾ ਕਿ ਸੀਟੀਯੂ ਪੰਜਾਬ ਮਜ਼ਦੂਰਾਂ ਦੇ ਹਿੱਤਾਂ ਲਈ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਰਾਹ ‘ਤੇ ਅੱਗੇ ਵਧੇਗੀ ਅਤੇ ਹਰ ਸ਼ੋਸ਼ਣ ਵਿਰੁੱਧ ਲੜਾਈ ਨੂੰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਬਲਰਾਮ ਸਿੰਘ, ਅਬਦੇਸ਼ ਪਾਂਡੇ, ਅਜੀਤ ਕੁਮਾਰ, ਰਾਮ ਧਨੀ, ਤਹਿਸੀਲਦਾਰ, ਮੁਕੇਸ਼ ਕੁਮਾਰ, ਸੁਨੀਲ ਰਿਸ਼ੀ, ਫੂਲ ਬਦਨ ਅਮਰਦੀਪ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਰਤੀ ਕਾਮੇ ਵੀ ਮੌਜੂਦ ਸਨ।

# ਸਬਜ਼ੀਆਂ ਉਤਪਾਦਕਾਂ ਲਈ ਫੂਡ ਪ੍ਰੋਸੈਸਿੰਗ ਯੂਨਿਟ ਅਤੇ ਮਾਰਕੀਟਿੰਗ ਮਹੱਤਵਪੂਰਨ : ਸਤਨਾਮ ਸੰਧੂ



**ਡੇਰਾਬੱਸੀ, 10 ਅਗਸਤ (ਸੰਜੀਵ ਸਿੰਘ ਸੈਣੀ)** ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਐਤਵਾਰ ਨੂੰ ਡੇਰਾਬੱਸੀ ਦੇ ਪਿੰਡ ਬਰੌਲੀ ਵਿੱਚ ਭਾਜਪਾ ਆਗੂ ਮਨਪ੍ਰੀਤ ਬੰਨੀ ਸੰਧੂ ਦੀ ਅਗਵਾਈ ਹੇਠ ਪਹਿਲਾ ਕਿਸਾਨ ਮਿਲਨ ਸਮਾਰੋਹ ਆਯੋਜਿਤ ਕੀਤਾ। ਉੱਥੇ ਇਕੱਠੇ ਹੋਏ ਕਿਸਾਨਾਂ ਅਤੇ ਉਨ੍ਹਾਂ ਦੇ ਸਮੂਹਾਂ ਨੇ ਖੁੱਲ੍ਹ ਕੇ ਆਪਣੀਆਂ ਸਮੱਸਿਆਵਾਂ ਪ੍ਰਗਟ ਕੀਤੀਆਂ ਅਤੇ ਉਨ੍ਹਾਂ ਦੇ ਹੱਲ ਵੀ ਸੁਝਾਏ। ਸੰਸਦ ਮੈਂਬਰ ਨੇ ਕਿਹਾ ਕਿ ਡੇਰਾਬੱਸੀ ਹਲਕੇ ਵਿੱਚ ਵੱਡੀ ਗਿਣਤੀ ਵਿੱਚ ਸਬਜ਼ੀਆਂ ਉਤਪਾਦਕਾਂ ਦੇ ਕਾਰਨ, ਫੂਡ ਪ੍ਰੋਸੈਸਿੰਗ ਯੂਨਿਟ ਅਤੇ ਸਬਜ਼ੀਆਂ ਦੇ ਮੰਡੀਕਰਨ ਲਈ ਬਿਹਤਰ ਸਹੂਲਤਾਂ ਦੀ ਸਖ਼ਤ ਜ਼ਰੂਰਤ ਹੈ।

ਉਨ੍ਹਾਂ ਕਿਹਾ ਕਿ ਭਾਰਤਮਾਲਾ ਗ੍ਰੀਨਫੀਲਡ ਐਕਸਪ੍ਰੈਸ ਪ੍ਰੋਜੈਕਟ ਅਧੀਨ ਇੱਥੇ 28 ਪਿੰਡ ਪ੍ਰਭਾਵਿਤ ਹੋ ਰਹੇ ਹਨ। ਉਨ੍ਹਾਂ ਨੂੰ ਘੱਗਰ ਪਾਰ ਕਰਨ ਲਈ ਸਿਰਫ਼ ਇੱਕ ਹੀ ਰਸਤਾ ਮਿਲ ਰਿਹਾ ਹੈ। ਉਨ੍ਹਾਂ ਲਈ ਸੜਕਾਂ ਦੀਆਂ ਸਹੂਲਤਾਂ ਵਧਾਈਆਂ ਜਾਣਗੀਆਂ। ਉਹ ਇਸ ਲਈ ਕੇਂਦਰੀ ਮੰਤਰੀ ਨਿਤਿਨ ਗਡਕਰੀ ਨਾਲ ਗੱਲ ਕਰਨਗੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਟੇਜ 'ਤੇ ਮਿਲਣ ਦੀ ਬਜਾਏ, ਉਨ੍ਹਾਂ ਨੂੰ ਆਪਣੇ ਪਿੰਡਾਂ ਵਿੱਚ ਮਿਲਣਾ ਚਾਹੀਦਾ ਹੈ।

ਕਿਸਾਨਾਂ ਵਿੱਚ ਵਿਸ਼ਵਾਸ ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਕਿਸਾਨਾਂ ਦੀਆਂ ਸਿਰਫ਼ ਤਿੰਨ ਮੁੱਖ ਮੰਗਾਂ ਹਨ। ਕਿਸਾਨ ਦੀ ਜ਼ਮੀਨ ਨਾਲ ਕੋਈ ਬੇਇਨਸਾਫ਼ੀ ਨਹੀਂ ਹੋਣੀ ਚਾਹੀਦੀ, ਉਸਨੂੰ ਉਸਦੀ ਫਸਲ ਦਾ ਸਹੀ ਮੁੱਲ ਮਿਲਣਾ ਚਾਹੀਦਾ ਹੈ, ਉਸਦੇ ਪਰਿਵਾਰ ਅਤੇ ਬੱਚਿਆਂ ਨੂੰ ਚੰਗੀ ਸਿੱਖਿਆ ਅਤੇ ਸਿਹਤ ਲਈ ਭਲਾਈ ਯੋਜਨਾਵਾਂ ਦਾ ਲਾਭ ਮਿਲਣਾ ਚਾਹੀਦਾ ਹੈ। ਸਮੇਂ ਦੀ ਨਾਜ਼ੁਕਤਾ ਨੂੰ ਸਮਝਦੇ ਹੋਏ, ਕੇਂਦਰ ਖੇਤੀਬਾੜੀ, ਪਰਿਵਾਰ ਅਤੇ ਪਿੰਡਾਂ ਦੀ ਤਰੱਕੀ ਲਈ ਲਗਾਤਾਰ ਕੰਮ ਕਰ ਰਿਹਾ ਹੈ। ਕਿਸਾਨ ਮਿਲਨ ਸਮਾਰੋਹ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕੇਂਦਰ ਦੀਆਂ ਭਲਾਈ ਯੋਜਨਾਵਾਂ ਦੇ ਲਾਭ ਕਿਸਾਨਾਂ ਤੱਕ ਉਨ੍ਹਾਂ ਦੀ ਬਿਹਤਰੀ ਲਈ ਪਹੁੰਚਣ ਅਤੇ ਉਨ੍ਹਾਂ ਦੀ ਜ਼ਿੰਦਗੀ ਨੂੰ ਆਸਾਨ ਬਣਾਇਆ ਜਾ ਸਕੇ। ਇਸ ਮੌਕੇ ਮੰਡਲ ਪ੍ਰਧਾਨ ਪਵਨ ਧੀਮਾਨ, ਰਵਿੰਦਰ ਵੈਸ਼ਨਵ, ਰਾਜੀਵ ਸ਼ਰਮਾ, ਰਾਕੇਸ਼ ਮਹਿਤਾ ਵੀ ਮੌਜੂਦ ਸਨ।

# ਫਾਸ਼ੀਵਾਦੀ ਹਮਲਿਆਂ ਵਿਰੋਧੀ ਫਰੰਟ ਵਲੋਂ ਕਨਵੈਨਸ਼ਨ

## ਮੋਦੀ ਸਰਕਾਰ ਵਲੋਂ ਆਦਿਵਾਸੀਆਂ ਅਤੇ ਘੱਟ ਗਿਣਤੀਆਂ 'ਤੇ ਕੀਤੇ ਜਾ ਰਹੇ ਫਾਸ਼ੀ ਹਮਲਿਆਂ ਦੀ ਵਿਰੋਧਤਾ ਦਾ ਸੱਦਾ

**ਕਪੂਰਥਲਾ, ( ਕੌੜਾ )–** ਫਾਸ਼ੀਵਾਦੀ ਹਮਲਿਆਂ ਵਿਰੋਧੀ ਫਰੰਟ, ਜਿਸ ਵਿੱਚ ਸ਼ਾਮਲ ਭਾਰਤੀ ਕਮਿਊਨਿਸਟ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ ਲੈਨਿਨਵਾਦੀ) ਨਿਊ ਡੈਮੋਕਰੇਸੀ, ਭਾਰਤੀ ਕਮਿਊਨਿਸਟ ਪਾਰਟੀ (ਮ-ਲ) ਲਿਬਰੇਸ਼ਨ, ਇਨਕਲਾਬੀ ਮਾਰਕਸਵਾਦੀ ਪਾਰਟੀ( ਭਾਰਤ) ਵਲੋਂ 10 ਅਗਸਤ ਨੂੰ ਦੇਸ਼ ਅੰਦਰ ਵੱਧ ਰਹੇ ਫਾਸ਼ੀ ਹਮਲਿਆਂ ਅਤੇ ਪੰਜਾਬ ਅੰਦਰ ਵੱਧ ਰਹੇ ਪੁਲਿਸ ਜ਼ਬਰ ਖਿਲਾਫ਼, ਉੱਘੇ ਸੁਤੰਤਰਤਾ ਸੰਗਰਾਮੀ ਮਾਸਟਰ ਹਰੀ ਸਿੰਘ ਧੂਤ ਭਵਨ ਕਪੂਰਥਲਾ ਵਿਖੇ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਕੀਤੀ ਗਈ। ਕਨਵੈਨਸ਼ਨ ਦੀ ਪ੍ਰਧਾਨਗੀ ਸਾਥੀ ਤਰਸੇਮ ਸਿੰਘ ਬੰਨੇਮੰਲ, ਕਾਮਰੇਡ ਜੈਪਾਲ ਸਿੰਘ, ਮਹਿੰਦਰ ਸਿੰਘ ਅਲੌਦੀਪੁਰ ਅਤੇ ਸਰਵਨ ਸਿੰਘ ਨੇ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਪਾਰਟੀ ਆਗੂਆਂ ਨੇ ਕਿਹਾ ਕਿ ਮੋਦੀ ਹਕੂਮਤ ਵਲੋਂ ਆਪਣੇ ਪਹਿਲੇ ਕਾਰਜ਼ਕਾਲ ਦੌਰਾਨ ਉੱਚ ਸੰਸਥਾਵਾਂ ਉੱਤੇ ਆਪਣੀ ਹਿੰਦੂਤਵ ਵਿਚਾਰਧਾਰਾ ਵਾਲੇ ਮੁੱਖੀਆਂ ਨੂੰ ਲਗਾਇਆ ਗਿਆ। ਇਤਿਹਾਸ ਨੂੰ ਵਿਗਾੜ ਕੇ ਮਿਥਿਹਾਸ ਲਿਖਣ ਵਾਲਿਆਂ ਨੂੰ ਲਗਾਇਆ ਗਿਆ। ਘੱਟ ਗਿਣਤੀਆਂ ਖਾਸਕਰ ਮੁਸਲਮਾਨ ਭਾਈਚਾਰੇ ਉੱਪਰ ਬੀਜੇਪੀ ਦੇ ਆਗੂਆਂ ਵਲੋਂ ਨਫਰਤੀ ਭਾਸ਼ਣਬਾਜ਼ੀ ਕੀਤੀ ਜਾਂਦੀ ਹੈ,ਗਊ ਰੱਖਿਆ ਦੇ ਨਾਮ ਤੇ ਭੀੜ ਵਲੋਂ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਨਾ ਆਦਿ ਘਟਨਾਵਾਂ ਸ਼ਾਮਲ ਹਨ। ਨਾਗਰਿਕਤਾ ਸੋਧ ਕਾਨੂੰਨ ਨੂੰ ਲੈ ਕੇ ਆਉਣ ਦੇ ਪਿੱਛੇ ਵੀ ਮੁਸਲਮਾਨ ਭਾਈਚਾਰੇ ਨੂੰ ਟਾਰਗੇਟ ਕੀਤਾ ਗਿਆ ਹੈ। ਬਿਹਾਰ ਵਿੱਚ ਚੋਣਾਂ ਵਿੱਚ ਵੋਟਾਂ ਦਾ ਨਿਰੀਖਣ ਕਰਨ ਦੇ ਨਾਮ ਹੇਠ





ਵੱਡੇ ਪੱਧਰ ਤੇ ਵੋਟਾਂ ਨੂੰ ਕੱਟਣਾ ਵੀ ਇਕ ਫਾਸ਼ੀ ਹਮਲਾ ਹੈ। ਜੰਮੂ ਕਸ਼ਮੀਰ ਵਿੱਚ ਧਾਰਾ 370 ਤੋੜਨਾ, ਸੂਬੇ ਦਾ ਦਰਜਾ ਖਤਮ ਕਰਨਾ, ਆਪਣੇ ਹਿੱਤਾਂ ਅਨੁਸਾਰ ਸੁਪਰੀਮ ਕੋਰਟ ਤੋਂ ਫੈਸਲੇ ਕਰਵਾਉਣਾ, ਅਦਾਲਤਾਂ ਅੰਦਰ ਜੱਜਾਂ ਦੀਆਂ ਨਿਯੁਕਤੀਆਂ ਨੂੰ ਪ੍ਰਭਾਵਿਤ ਕਰਨਾ ਆਦਿ ਫਾਸ਼ੀ ਹਮਲੇ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਮਾਓਵਾਦੀਆਂ ਨੂੰ 2026 ਤੱਕ ਮਾਰ ਮੁਕਾਉਣ ਦੀ ਨੀਤੀ ਆਪਣੇ ਦੇਸ਼ ਦੇ ਹੀ ਲੋਕਾਂ ਨੂੰ ਜਲ, ਜੰਗਲ ਅਤੇ ਜ਼ਮੀਨ ਖੋਹ ਕੇ ਕਾਰਪੋਰੇਟ ਘਰਾਣਿਆਂ ਹਵਾਲੇ ਕਰਨ ਲਈ ਖਤਮ ਕਰਨ ਦੀ ਨੀਤੀ ਹੈ। ਮਤਲਬ ਸਾਫ਼ ਹੈ ਕਿ ਹਰ ਵਿਰੋਧ ਦੀ ਆਵਾਜ਼ ਨੂੰ ਡੰਡੇ ਤੇ ਗੋਲੀ ਨਾਲ ਦਬਾਉਣ ਦਾ ਢੰਗ ਵਰਤਿਆ ਜਾਵੇਗਾ। ਆਦਿਵਾਸੀਆਂ ਦੇ ਹੱਕ ਵਿੱਚ ਅਤੇ ਜਮਹੂਰੀ ਹੱਕਾਂ ਦੀ ਗੱਲ ਕਰਨ ਵਾਲੇ ਬੁੱਧੀਜੀਵੀ, ਪੱਤਰਕਾਰ, ਲੇਖਕਾਂ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਨਜਾਇਜ਼ ਜੇਲਾਂ ਵਿੱਚ ਡੱਕਿਆ ਹੋਇਆ। ਪੰਜਾਬ ਅੰਦਰ ਕਾਰਪੋਰੇਟ ਘਰਾਣਿਆਂ ਦੀ ਸੇਵਾ ਕਰਨ ਖਾਤਰ ਕਿਸਾਨਾਂ ਮਜ਼ਦੂਰਾਂ ਨੂੰ ਉਜਾੜਨ ਲਈ ਲੈਂਡ ਪੂਲਿੰਗ ਸਕੀਮ ਲਾਗੂ ਕੀਤੀ ਜਾ ਰਹੀ ਹੈ ਅਤੇ ਪੰਜਾਬ ਨੂੰ ਪੁਲਿਸ ਰਾਜ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ।ਇਸ ਮੌਕੇ ਕਨਵੈਨਸ਼ਨ ਨੂੰ ਭਾਰਤੀ ਕਮਿਊਨਿਸਟ ਪਾਰਟੀ ਦੇ ਨੈਸ਼ਨਲ ਕੌਂਸਲ ਮੈਂਬਰ ਕਾਮ-ਰੇਡ ਗੁਲਜ਼ਾਰ ਸਿੰਘ ਗੋਰੀਆਂ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੇ ਆਗੂ ਕਾਮ-ਰੇਡ ਬਲਵਿੰਦਰ ਸਿੰਘ ਭੁੱਲਰ, ਭਾਰਤੀ ਕਮਿਊਨਿਸਟ ਪਾਰਟੀ( ਮ - ਲ) ਲਿਬਰੇਸ਼ਨ ਦੇ ਆਗੂ ਨਿਰਮਲ ਸਿੰਘ ਛੱਜਲਵੱਡੀ, ਇਨਕਲਾਬੀ ਮਾਰਕਸਵਾਦੀ ਪਾਰਟੀ (ਭਾਰਤ) ਦੇ ਆਗੂ ਹਰਬੰਸ ਮੱਟੂ, ਸੀ ਪੀ ਆਈ ਦੇ ਆਗੂ ਕਾਮਰੇਡ ਮੁਕੰਦ ਸਿੰਘ, ਨਿਊ ਡੈਮੋਕ੍ਰੇਸੀ ਦੇ ਨਿਰਮਲ ਸਿੰਘ ਸ਼ੇਰਪੁਰ ਸੱਧਾ ਨੇ ਸੰਬੋਧਨ ਕੀਤਾ। ਇਸ ਤੋਂ ਇਲਾਵਾ ਮਾਸਟਰ ਚਰਨ ਸਿੰਘ, ਐਡਵੋਕੇਟ ਰਜਿੰਦਰ ਸਿੰਘ ਰਾਣਾ, ਹੰਸਾ ਸਿੰਘ ਮੂੰਡੀ, ਪੂਰਨ ਸਿੰਘ ਅਲੋਦੀਪੁਰ, ਬਲਵਿੰਦਰ ਸਿੰਘ ਵਿਲਾ ਕੋਠੀ, ਕੇ ਐਲ ਕੌਸ਼ਲ ਆਦਿ ਆਗੂ ਹਾਜਰ ਸਨ।

# ਜਿਲਾ ਕਾਂਗਰਸ ਕਮੇਟੀ ਖੰਨਾ ਵੱਲੋਂ ਮਾਛੀਵਾੜਾ ਵਿੱਚ ਨਵੀਆਂ ਨਿਯੁਕਤੀਆਂ

## ਇਲਾਕੇ ਦੇ ਪਿੰਡਾਂ ਵਿੱਚ ਕਾਂਗਰਸ ਮਜਬੂਤ ਹੋ ਰਹੀ ਹੈ- ਤਿਵਾੜੀ



**ਮਾਛੀਵਾੜਾ ਸਾਹਿਬ (ਬਲਬੀਰ ਸਿੰਘ ਬੱਬੀ)** ਪੁਲਿਸ ਜਿਲਾ ਖੰਨਾ ਅਧੀਨ ਤੇ ਵਿਧਾਨ ਸਭਾ ਹਲਕਾ ਸਮਰਾਲਾ ਦੇ ਮਾਛੀਵਾੜਾ ਇਲਾਕੇ ਦੇ ਵਿੱਚ ਕਾਂਗਰਸ ਪਾਰਟੀ ਨੂੰ ਮਜਬੂਤ ਕਰਨ ਦੇ ਲਈ ਇੱਕ ਅਹਿਮ ਤੇ ਵਿਸ਼ੇਸ਼ ਮੀਟਿੰਗ ਹਲਕਾ ਸਮਰਾਲਾ ਤੋਂ ਕਾਂਗਰਸ ਦੇ ਇਨਚਾਰਜ ਰੁਪਿੰਦਰ ਸਿੰਘ ਗਿੱਲ ਦੇ ਘਰ ਸਮਰਾਲਾ ਹਾਊਸ ਵਿੱਚ ਹੋਈ। ਜਿਸ ਵਿੱਚ ਪ੍ਰਮੁੱਖ ਕਾਂਗਰਸੀ ਆਗੂਆਂ ਤੇ ਵਰਕਰਾਂ ਨੇ ਹਿੱਸਾ ਲਿਆ ਇਸ ਮੀਟਿੰਗ ਦਰਮਿਆਨ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਪਾਰਟੀ ਨੂੰ ਮਜਬੂਤ ਕਰਨ ਦੇ ਲਈ ਸਭਨਾਂ ਤੋਂ ਸੁਝਾਅ ਮੰਗੇ ਗਏ। ਸੀਨੀਅਰ ਆਗੂਆਂ ਨੇ ਸੁਝਾਵਾਂ ਦੇ ਉੱਪਰ ਵਿਚਾਰ ਚਰਚਾ ਕਰਦਿਆਂ ਹੋਇਆਂ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਵੱਲੋਂ ਸਮੁੱਚੇ ਪੰਜਾਬ ਦੇ ਵਾਂਗ ਵਿਧਾਨ ਸਭਾ ਹਲਕਾ ਵਿੱਚ ਵੀ ਨਵਾਂ ਪ੍ਰੋਗਰਾਮ ਦੇਣ ਦਾ ਐਲਾਨ ਕੀਤਾ। ਇਸ ਮੀਟਿੰਗ ਦਰਮਿਆਨ ਹੀ ਵਿਧਾਨ ਸਭਾ ਹਲਕਾ ਸਮਰਾਲਾ ਨਾਲ ਸੰਬੰਧਿਤ ਨਵੇਂ ਨਿਯੁਕਤ ਕੀਤੇ ਗਏ ਵਿਅਕਤੀਆਂ ਨੂੰ ਅੱਜ



ਨਿਯੁਕਤੀ ਪੱਤਰ ਦੇਣ ਦੇ ਲਈ ਜਿਲਾ ਕਾਂਗਰਸ ਖੰਨਾ ਦੇ ਪ੍ਰਧਾਨ ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ ਪਾਇਲ, ਗੁਰਕੀਰਤ ਸਿੰਘ ਕੋਟਲੀ, ਹਲਕਾ ਸਮਰਾਲਾ ਦੇ ਕਾਂਗਰਸ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਜੋਗਿੰਦਰ ਪਾਲ ਸਿੰਘ ਮੱਕੜ ਸਪੁੱਤਰ ਸ਼੍ਰੀ ਜਗਮੋਹਨ ਸਿੰਘ ਮੱਕੜ ਨੂੰ ਜਿਲਾ ਕਾਂਗਰਸ ਕਮੇਟੀ ਵੱਲੋਂ ਬਤੌਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸੇ ਤਰ੍ਹਾਂ ਹੀ ਰਮਨਦੀਪ ਸਿੰਘ ਰਾਏ ਸਪੁੱਤਰ ਬਲਦੇਵ ਸਿੰਘ ਵਾਸੀ ਬਹਿਲੋਲਪੁਰ ਤਹਿਸੀਲ ਸਮਰਾਲਾ ਜਿਲਾ ਲੁਧਿਆਣਾ ਨੂੰ ਜਿਲਾ ਕਾਂਗਰਸ ਕਮੇਟੀ ਖੰਨਾ ਵੱਲੋਂ ਬਤੌਰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਕਾਂਗਰਸ ਨਾਲ ਸੰਬੰਧਿਤ ਮਾਛੀਵਾੜਾ ਸਾਹਿਬ ਦੇ ਸ਼ਹਿਰੀ ਪ੍ਰਧਾਨ ਕਪਿਲ ਆਨੰਦ ਤੇ ਮਾਛੀਵਾੜਾ ਬਲਾਕ ਦਿਹਾਤੀ ਦੇ ਪ੍ਰਧਾਨ ਪਰਮਿੰਦਰ ਤਿਵਾੜੀ ਦੇ ਯਤਨਾ ਸਦਕਾ ਇਹ ਨਿਯੁਕਤੀਆਂ ਕੀਤੀਆਂ ਗਈਆਂ। ਇਸ ਮੌਕੇ ਕਾਂਗਰਸ ਦੇ ਦਿਹਾਤੀ ਪ੍ਰਧਾਨ ਪਰਮਿੰਦਰ ਤਿਵਾੜੀ ਨੇ ਕਿਹਾ ਵਿਧਾਨ ਸਭਾ ਹਲਕਾ ਸਮਰਾਲਾ ਤੇ ਮਾਛੀਵਾੜਾ ਇਲਾਕੇ ਦੇ ਪਿੰਡਾਂ ਵਿੱਚ ਕਾਂਗਰਸ ਦਿਨ ਬ ਦਿਨ ਮਜਬੂਤ ਹੋ ਰਹੀ ਹੈ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਦਿੱਤੇ ਨਿਰਦੇਸ਼ਾ ਅਨੁਸਾਰ ਅਸੀਂ ਪਿੰਡਾਂ ਵਿੱਚ ਜਾ ਕੇ ਮੀਟਿੰਗਾਂ ਕਰ ਰਹੇ ਹਾਂ।

ਇਸ ਮੌਕੇ ਕਾਂਗਰਸ ਦੇ ਸੀਨੀਅਰ ਆਗੂ ਸ਼੍ਰੀ ਸੁਰਿੰਦਰ ਕੁਮਾਰ ਕੁੰਦਰਾ ਸਾਬਕਾ ਪ੍ਰਧਾਨ, ਜੇ ਪੀ ਐਸ ਮੱਕੜ, ਕਸਤੂਰੀ ਲਾਲ ਮਿੰਟੂ ,ਜਗਜੀਤ ਸਿੰਘ ਪਿਰਥੀਪੁਰ, ਜਤਿੰਦਰ ਸਿੰਘ ਜੋਗਾ ਬਲਾਲਾ, ਡਾਕਟਰ ਸੁਨੀਲ ਦੱਤ, ਨੰਦ ਕਿਸ਼ੋਰ ਤੇ ਹੋਰ ਵਰਕਰ ਹਾਜ਼ਰ ਸਨ।

# ਫਾਸ਼ੀਵਾਦੀ ਹਮਲਿਆਂ ਵਿਰੋਧੀ ਫਰੰਟ ਵਲੋਂ ਜ਼ਿਲ੍ਹਾ ਪੱਧਰੀ ਕਨਵੈਨਸ਼ਨ

## ਦੇਸ਼ ਦੇ ਸੰਵਿਧਾਨਕ ਲੋਕਤੰਤਰ ਨੂੰ ਖਤਮ ਕਰ ਰਹੀ ਮੋਦੀ ਸਰਕਾਰ ਅਤੇ ਪੰਜਾਬ ਦੀਆਂ ਜ਼ਮੀਨਾਂ ਹੜੱਪਣ ਦੀਆਂ ਸਾਜਿਸ਼ਾਂ ਰਚ ਰਹੀ ਮਾਨ ਸਰਕਾਰ ਖ਼ਿਲਾਫ਼ ਖੱਬੇਪੱਖੀਆਂ ਵਲੋਂ ਰੋਸ ਮੁਜਾਹਰਾ







**ਮਾਨਸਾ, (ਜਸਵੰਤ ਗਿੱਲ ਸਮਾਲਸਰ)** ਫਾਸ਼ੀਵਾਦੀ ਹਮਲਿਆਂ ਵਿਰੋਧੀ ਫਰੰਟ ਪੰਜਾਬ ਵਲੋਂ ਅੱਜ ਬਾਬਾ ਬੂਝਾ ਸਿੰਘ ਯਾਦਗਾਰ ਭਵਨ ਮਾਨਸਾ ਵਿਖੇ ਇਕ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਕੀਤੀ ਗਈ। ਕਨਵੈਨਸ਼ਨ ਦੀ ਪ੍ਰਧਾਨਗੀ ਕਾਮਰੇਡ ਬਲਵਿੰਦਰ ਕੌਰ ਖਾਰਾ, ਮਾਸਟਰ ਛੱਜੂ ਰਾਮ ਰਿਸ਼ੀ, ਕਾਮਰੇਡ ਰਤਨ ਭੋਲਾ ਤੇ ਜਗਮੇਲ ਸਿੰਘ ਨੇ ਕੀਤੀ।

ਕਨਵੈਨਸ਼ਨ ਨੂੰ ਸੀਪੀਆਈ (ਐਮ ਐਲ) ਲਿਬਰੇਸ਼ਨ ਦੇ ਕਾਮਰੇਡ ਸੁਖਦਰਸ਼ਨ ਸਿੰਘ ਨੱਤ, ਸੀਪੀਆਈ ਵਲੋਂ ਕੇਂਦਰੀ ਆਗੂ ਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਅਰਸ਼ੀ, ਇਨਕਲਾਬੀ ਕੇਂਦਰ ਪੰਜਾਬ ਪ੍ਰਧਾਨ ਕਾਮਰੇਡ ਮੁਖਤਿਆਰ ਸਿੰਘ ਪੂਹਲਾ ਅਤੇ ਆਰਐਮਪੀਆਈ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਮਹੀਪਾਲ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਫਾਸ਼ੀਵਾਦ ਕੀ ਹੈ ਅਤੇ ਸੰਘ-ਬੀਜੇਪੀ ਦੀ ਵਿਚਾਰਧਾਰਾ ਤੇ ਅਮਲ ਕਿਵੇਂ ਕਾਰਪੋਰੇਟ ਪ੍ਰਸਤ ਤੇ ਫਿਰਕੂ ਫਾਸ਼ੀਵਾਦੀ ਹਨ ਅਤੇ ਇੰਨਾਂ ਖਿਲਾਫ ਕਿਉਂ ਇਕ ਵਿਸ਼ਾਲ ਖੱਬਾ, ਜਮਹੂਰੀ ਤੇ ਧਰਮਨਿਰਪੱਖ ਮੁਹਾਜ਼ ਉਸਾਰਨ ਦੀ ਜ਼ਰੂਰਤ ਹੈ, ਇਸ ਦੀ ਵਿਆਖਿਆ ਕੀਤੀ। ਉਨ੍ਹਾਂ ਦਸਿਆ ਕਿ ਕਿਵੇਂ ਮੋਦੀ ਸਰਕਾਰ ਨਿਆਂ ਪਾਲਿਕਾ, ਚੋਣ ਕਮਿਸ਼ਨ, ਜਾਂਚ ਏਜੰਸੀਆਂ, ਸਮਾਜਿਕ ਧਾਰਮਿਕ ਤੇ ਇਤਿਹਾਸ ਵਰਗੇ ਖੇਤਰਾਂ ਦਾ ਅਪਣੇ ਫਿਰਕੂ ਮਨੋਰਥਾਂ ਲਈ ਦੁਰਵਰਤੋਂ ਕਰ ਰਹੀ ਹੈ ਅਤੇ ਪਹਿਲਗਾਮ ਕਤਲੇਆਮ ਤੇ ਪਾਕਿਸਤਾਨ ਨਾਲ ਹੋਈ ਸੀਮਤ ਝੜਪ ਬਾਰੇ ਮੋਦੀ ਸਰਕਾਰ ਜਨਤਾ ਤੋਂ ਸਚਾਈ ਨੂੰ ਛੁਪਾਉਣ ਲਈ ਕਿਵੇਂ ਹਰ ਹਰਬਾ ਵਰਤ ਰਹੀ ਹੈ। ਕਮਿਉਨਿਸਟ ਆਗੂਆਂ ਨੇ ਟਰੰਪ ਵਲੋਂ ਭਾਰਤ ਉਤੇ 50% ਮਨਾਮਾਨਾ ਟੈਰਿਫ ਥੋਪਣ ਦੀ ਸਖ਼ਤ ਨਿੰਦਾ ਕੀਤੀ ਅਤੇ ਕਿਹਾ ਕਿ ਦੇਸ਼ ਦੀ ਖੇਤੀ ਪੈਦਾਵਾਰ, ਸਹਾਇਕ ਧੰਦਿਆਂ ਤੇ ਛੋਟੀ ਸਨਅਤ ਤੇ ਪ੍ਰਚੂਨ ਖੇਤਰ ਨੂੰ ਬਚਾਉਣ ਲਈ ਕੇਂਦਰ ਸਰਕਾਰ ਨੂੰ ਇਸ ਸਾਮਰਾਜੀ ਧੱਕੇਸ਼ਾਹੀ ਖ਼ਿਲਾਫ਼ ਸਖ਼ਤ ਸਟੈਂਡ ਲੈਣਾ ਚਾਹੀਦਾ ਹੈ।

ਬੁਲਾਰਿਆਂ ਨੇ ਕੀਮਤੀ ਖਣਿਜ ਪਦਾਰਥ ਨਾਲ ਭਰਪੂਰ ਕੇਂਦਰੀ ਭਾਰਤ ਦੇ ਆਦਿਵਾਸੀ ਖੇਤਰ ਦੀ ਲੁੱਟ ਦਾ ਰਾਹ ਪੱਧਰਾ ਕਰਨ ਲਈ ਸਥਾਨਕ ਆਦੀਵਾਸੀਆਂ ਦੀ ਅਪਣੇ ਜਲ ਜੰਗਲ ਅਤੇ ਜ਼ਮੀਨ ਨੂੰ ਬਚਾਉਣ ਦੀ ਜਦੋਜਹਿਦ ਨੂੰ ਮਾਉਵਾਦੀਆਂ ਦੇ ਸਫਾਏ ਦੀ ਮੁਹਿੰਮ ਦੀ ਆੜ ਵਿੱਚ ਕੁਚਲਣ ਦੀ ਸਖ਼ਤ ਨਿੰਦਾ ਕੀਤੀ।

ਬੀਜੇਪੀ ਦੀ ਤਰਜ਼ 'ਤੇ ਬੁਰੀ ਤਰ੍ਹਾਂ ਨਾਕਾਮ ਸਾਬਿਤ ਹੋ ਰਹੀ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵਲੋਂ ਸੂਬੇ ਨੂੰ ਪੁਲਿਸ ਸਟੇਟ ਵਿੱਚ ਬਦਲਣ, ਝੂਠੇ ਪੁਲਿਸ ਮੁਕਾਬਲਿਆਂ ਨੂੰ ਹੱਲਾਸ਼ੇਰੀ ਦੇਣ, ਹੱਕੀ ਜਨਤਕ ਸੰਘਰਸ਼ਾਂ ਉਤੇ ਜਬਰ ਤੇ ਆਗੂਆਂ ਉਤੇ ਝੂਠੇ ਕੇਸ ਮੜ੍ਹਨ ਨੂੰ ਬੁਲਾਰਿਆਂ ਨੇ ਗੈਰ ਜਮਹੂਰੀ ਤੇ ਘਾਤਕ ਰੁਝਾਨ ਕਰਾਰ ਦਿੱਤਾ।

ਕਨਵੈਨਸ਼ਨ ਨੇ ਸਾਥੀ ਗੁਰਨਾਮ ਸਿੰਘ ਭੀਖੀ ਵਲੋਂ ਪੇਸ਼ ਪੰਜ ਮਤਿਆਂ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ। ਇੰਨਾਂ ਮਤਿਆਂ ਵਿੱਚ ਅਮਰੀਕਾ ਦੀ ਸ਼ਹਿ ਨਾਲ ਇਜ਼ਰਾਈਲ ਦੀ ਯਹੂਦੀਵਾਦੀ ਹਕੂਮਤ ਵਲੋਂ ਖੁਰਾਕ ਦੀ ਸਪਲਾਈ ਰੋਕ ਕੇ ਅਤੇ ਲਗਾਤਾਰ ਬੰਬਾਰੀ, ਗੋਲੀਬਾਰੀ ਅਤੇ ਭੁੱਖਮਰੀ ਨਾਲ ਗਾਜ਼ਾ ਪੱਟੀ ਵਿੱਚ ਨਿਹੱਥੇ ਫ਼ਲਸਤੀਨੀਆਂ ਦੇ ਨਸਲਘਾਤ ਦੇ ਕਮੀਨੇ ਯਤਨਾਂ ਦੀ ਸਖ਼ਤ ਨਿੰਦਾ ਕੀਤੀ ਅਤੇ ਉਨ੍ਹਾਂ ਖ਼ਿਲਾਫ਼ ਲਾਈਆਂ ਰੋਕਾਂ ਤੇ ਘੇਰਾਬੰਦੀ ਨੂੰ ਤੁਰੰਤ ਖ਼ਤਮ ਕਰਨ ਦੀ ਮੰਗ ਕੀਤੀ। ਜੰਮੂ ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਵਲੋਂ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਜਾਣੇ ਪਛਾਣੇ ਉੱਘੇ ਲੇਖਕਾਂ ਦੀਆਂ ਕਸ਼ਮੀਰ ਬਾਰੇ ਲਿਖੀਆਂ 25 ਕਿਤਾਬਾਂ ਉਤੇ ਪਾਬੰਦੀ ਲਾਉਣ ਦੀ ਨਿੰਦਾ ਕਰਦਿਆਂ ਇਹ ਬੇਤੁਕੀ ਪਾਬੰਦੀ ਰੱਦ ਕਰਨ ਦੀ ਮੰਗ ਕੀਤੀ, ਕਨਵੈਨਸ਼ਨ ਨੇ ਚੋਣ ਕਮਿਸ਼ਨ ਵਲੋਂ ਬੀਜੇਪੀ ਨੂੰ ਫਾਇਦਾ ਪਹੁੰਚਾਉਣ ਲਈ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਪੜਤਾਲ ਦੀ ਆੜ ਵਿੱਚ ਦਲਿਤ ਗਰੀਬਾਂ, ਮੁਸਲਿਮ ਤਬਕੇ ਅਤੇ ਦੇਸ਼ ਵਿਦੇਸ਼ ਵਿੱਚ ਰੁਜ਼ਗਾਰ ਲਈ ਗਏ ਹੋਏ ਮਜ਼ਦੂਰਾਂ ਦੀਆਂ 65 ਲੱਖ ਵੋਟ ਕੱਟਣ ਦੀ ਪੁਰਜ਼ੋਰ ਨਿੰਦਾ ਕਰਦੇ ਹੋਏ "ਵੋਟ ਮੋਦੀ ਸਰਕਾਰ" ਖਿਲਾਫ ਮੁਹਿੰਮ ਚਲਾਉਣ ਜ਼ਰੂਰਤ ਉਤੇ ਜ਼ੋਰ ਦਿੱਤਾ। ਪੰਜਾਬ ਦੀ ਮਾਨ ਸਰਕਾਰ ਵਲੋਂ ਸੂਬੇ ਦੀ ਉਪਜਾਊ ਜ਼ਮੀਨ ਮੁਫ਼ਤ ਵਿੱਚ ਵੱਡੇ ਬਿਲਡਰਾਂ ਦੇ ਹਵਾਲੇ ਕਰਨ ਦੀ ਅਖੌਤੀ ਲੈਂਡ ਪੂਲਿੰਗ ਸਕੀਮ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਮਹਾਰਾਸ਼ਟਰ ਦੀ ਫੜਨਵੀਸ ਸਰਕਾਰ ਵਲੋਂ ਮੁਬੰਈ ਦੇ ਇਕ ਕਾਲਜ ਵਿੱਚ ਰੱਖੇ ਗਏ ਫਾਦਰ ਸਟੇਨ ਸੁਆਮੀ ਦੀ ਯਾਦ ਵਿੱਚ ਰੱਖੇ ਯਾਦਗਾਰੀ ਲੈਕਚਰ ਉਤੇ ਪਾਬੰਦੀ ਲਾਉਣ ਦੀ ਸਖ਼ਤ ਨਿੰਦਾ ਕੀਤੀ।

ਮੰਚ ਸੰਚਾਲਨ ਕਾਮਰੇਡ ਜਸਬੀਰ ਕੌਰ ਨੱਤ ਤੇ ਕ੍ਰਿਸ਼ਨ ਚੌਹਾਨ ਵਲੋਂ ਕੀਤਾ ਗਿਆ ਅਤੇ ਲੋਕ ਗਾਇਕ ਅਜਮੇਰ ਅਕਲੀਆ ਨੇ ਅਪਣੇ ਇਨਕਲਾਬੀ ਗੀਤਾਂ ਰਾਹੀਂ ਮਾਹੌਲ ਨੂੰ ਗਰਮਾਇਆ। ਕਨਵੈਨਸ਼ਨ ਵਿੱਚ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਰੁਲਦੂ ਸਿੰਘ ਮਾਨਸਾ, ਨਛੱਤਰ ਸਿੰਘ ਖੀਵਾ, ਲਾਲ ਚੰਦ ਸਰਦੂਲਗੜ੍ਹ, ਅਮਰੀਕ ਸਿੰਘ ਫਫੜੇ, ਦਲਜੀਤ ਸਿੰਘ ਮਾਨਸ਼ਾਹੀਆ, ਧਰਮਪਾਲ ਨੀਟਾ, ਬਲਵਿੰਦਰ ਘਰਾਂਗਣਾ, ਬਿੰਦਰ ਕੌਰ ਉੱਡਤ, ਆਤਮਾ ਰਾਮ ਸਰਦੂਲਗੜ੍ਹ, ਤਾਰਾ ਚੰਦ ਬਰੇਟਾ ਅਤੇ ਹੋਰ ਆਗੂ ਸ਼ਾਮਲ ਸਨ।

ਸਖ਼ਤ ਗਰਮੀ ਦੇ ਬਾਵਜੂਦ ਖੱਬੇਪੱਖੀ ਕਾਰਕੁਨਾਂ ਵਲੋਂ ਫਾਸ਼ੀਵਾਦੀ ਮੋਦੀ ਸਰਕਾਰ ਅਤੇ ਲੁਟੇਰੀ ਜ਼ਮੀਨ ਹੜੱਪੂ ਮਾਨ ਸਰਕਾਰ ਖ਼ਿਲਾਫ਼ ਨਾਅਰੇ ਲਾਉਂਦਿਆਂ ਸ਼ਹਿਰ ਵਿਚ ਮੁਜ਼ਾਹਰਾ ਵੀ ਕੀਤਾ ਗਿਆ।

# ਪੰਜਾਬ ਸਰਕਾਰ ਵੱਲੋਂ ਸਾਬਕਾ ਸੈਨਿਕਾਂ ਨੂੰ ਉਪਲਬੱਧ ਕਰਵਾਏ ਜਾਣਗੇ ਰੋਜ਼ਗਾਰ ਦੇ ਬਿਹਤਰ ਮੌਕੇ - ਮੋਹਿੰਦਰ ਭਗਤ

## ਕੈਬਨਿਟ ਮੰਤਰੀ ਨੇ ਹੁਸ਼ਿਆਰਪੁਰ ਸਥਿਤ ਪੇਸਕੋ ਦੇ ਰੀਜਨਲ ਦਫ਼ਤਰ ਦਾ ਦੌਰਾ ਕਰਕੇ ਕੰਮਕਾਜ਼ ਦੀ ਸਮੀਖਿਆ ਕੀਤੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਬੀਤੇ ਦਿਨੀਂ ਹੁਸ਼ਿਆਰਪੁਰ ਸਥਿਤ ਪੇਸਕੋ ਦੇ ਰੀਜਨਲ ਦਫ਼ਤਰ ਦਾ ਦੌਰਾ ਕਰਕੇ ਉਸ ਦੇ ਕੰਮਾਂ ਦੀ ਜ਼ਮੀਨੀ ਸਮੀਖਿਆ ਕੀਤੀ। ਇਸ ਮੌਕੇ ਉਨ੍ਹਾਂ ਨੇ ਸਾਬਕਾ ਸੈਨਿਕਾਂ ਦੀ ਭਲਾਈ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਸਬੰਧੀ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ। ਦੌਰੇ ਦੌਰਾਨ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਪੇਸਕੋ ਦੀ ਡਿਪਟੀ ਜਨਰਲ ਮੈਨੇਜਰ (ਸੇਵਾ ਮੁਕਤ) ਮੇਜਰ ਤ੍ਰਿਤਕਾ ਸ਼ਰਮਾ ਨਾਲ ਚੱਲ ਰਹੇ ਵੱਖ-ਵੱਖ ਪ੍ਰੋਜੇਕਟਾਂ ਦੀ ਵਿਸਥਾਰ ਨਾਲ ਜਾਣਕਾਰੀ ਲਈ। ਮੇਜਰ ਸ਼ਰਮਾ ਨੇ ਦੱਸਿਆ ਕਿ ਪੇਸਕੋ ਦਾ ਹੁਸ਼ਿਆਰਪੁਰ ਰੀਜਨਲ ਦਫ਼ਤਰ ਹੁਸ਼ਿਆਰਪੁਰ, ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਦੀ ਜ਼ਿੰਮੇਦਾਰੀ ਸੰਭਾਲਦਾ ਹੈ। 'ਓਪਰੇਸ਼ਨ ਸਿੰਦੂਰ' ਦੌਰਾਨ ਸਾਬਕਾ ਸੈਨਿਕਾਂ ਨੇ ਬਿਨਾ ਥੱਕੇ 24 ਘੰਟੇ ਡਿਊਟੀ ਨਿਭਾਉਂਦੇ ਹੋਏ ਬੀ.ਬੀ.ਐਮ.ਬੀ (ਤਲਵਾੜਾ), ਰਣਜੀਤ ਸਾਗਰ ਡੈਮ, ਬੱਸ ਸਟੈਂਡ, ਬੈਂਕ ਅਤੇ ਬਾਰਡਰ ਹਲਕਿਆਂ ਦੇ ਸੰਵੇਦਨਸ਼ੀਲ ਪ੍ਰੋਜੈਕਟਾਂ ਵਿਚ ਆਪਣੀ ਮਹੱਤਵਪੂਰਨ ਸੇਵਾਵਾਂ ਦਿੱਤੀਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਪੇਸਕੇ ਦੇ ਕਰਮਚਾਰੀ, ਚਾਹੇ ਉਹ ਬਾਰਡਰ ਹਲਕੇ ਦੇ ਸਕੂਲਾਂ ਦੀ ਸੁਰੱਖਿਆ ਹੋਵੇ ਜਾਂ ਨਸ਼ਾ ਮੁਕਤੀ ਕੇਂਦਰਾਂ ਦੀ, ਆਪਣੀ ਡਿਊਟੀ ਨੂੰ ਸੈਨਾ ਵਾਂਗ



ਪੂਰੀ ਨਿਸ਼ਠਾ ਅਤੇ ਸਮਰਪਣ ਨਾਲ ਨਿਭਾਉਂਦੇ ਹਨ। ਇਸ ਮੌਕੇ ਮੇਜਰ ਸ਼ਰਮਾ ਨੇ ਸੁਰੱਖਿਆ ਗਾਰਡਾਂ ਅਤੇ ਹੋਰ ਕਰਮਚਾਰੀਆਂ ਦੇ ਵੇਤਨ ਵਿਚ ਸੁਧਾਰ ਅਤੇ ਵਾਧੂ ਰੋਜ਼ਗਾਰ ਮੌਕੇ ਉਪਲਬੱਧ ਕਰਵਾਉਣ ਲਈ ਕੈਬਨਿਟ ਮੰਤਰੀ ਦਾ ਧੰਨਵਾਦ ਪ੍ਰਗਟ ਕੀਤਾ। ਨਾਲ ਹੀ, ਸਾਬਕਾ ਸੈਨਿਕਾਂ ਦੀ ਸੇਵਾ ਉਮਰ ਹੱਦ ਵਧਾਉਣ ਲਈ ਉਠਾਏ ਜਾ ਰਹੇ ਕਦਮਾਂ ਲਈ ਵੀ ਧੰਨਵਾਦ ਕੀਤਾ। ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਪੰਜਾਬ ਸਰਕਾਰ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਇੱਜ਼ਤ, ਸਨਮਾਨ ਅਤੇ ਬਿਹਤਰੀ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਨੇ ਪੇਸਕੋ ਕਰਮਚਾਰੀਆਂ ਨਾਲ ਸਿੱਧੀ ਗੱਲਬਾਤ ਕਰਕੇ ਉਨ੍ਹਾਂ ਦਾ ਮਨੋਬਲ ਵਧਾਇਆ ਅਤੇ ਉਨ੍ਹਾਂ ਦੇ ਸਮਰਪਣ ਦੀ ਸਰਾਹਨਾ ਕੀਤੀ।

# ਹੁਣ ਪਟਵਾਰੀਆਂ ਕੋਲ ਜਾਣ ਦੀ ਲੋੜ ਨਹੀਂ, ਘਰ ਬੈਠੇ ਪ੍ਰਾਪਤ ਕਰੋ ਮਾਲ ਵਿਭਾਗ ਦੀਆਂ 6 ਸੇਵਾਵਾਂ - ਡਿਪਟੀ ਕਮਿਸ਼ਨਰ ਆਸ਼ਿਕਾ ਜੈਨ

## 'ਈਜੀ ਜਮਾਬੰਦੀ' ਪੋਰਟਲ ਨਾਲ ਸੇਵਾਵਾਂ ਆਨਲਾਈਨ ਉਪਲਬੱਧ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਵਾਸੀ ਹੁਣ ਮਾਲ ਵਿਭਾਗ ਨਾਲ ਜੁੜੀਆਂ 6 ਮਹੱਤਵਪੂਰਨ ਸੇਵਾਵਾਂ ਦਾ ਲਾਭ ਘਰ ਬੈਠੇ ਆਨਲਾਈਨ 'ਈਜੀ ਜਮਾਂਬੰਦੀ' ਪੋਰਟਲ ਰਾਹੀਂ ਪ੍ਰਾਪਤ ਕਰ ਸਕਦੇ ਹਨ। ਇਨ੍ਹਾਂ ਵਿਚ ਵਟਸਐਪ 'ਤੇ ਜਮਾਂਬੰਦੀ ਪ੍ਰਾਪਤ ਕਰਨਾ, ਇੰਤਕਾਲ, ਰਪਟ ਐਂਟਰੀ, ਫਰਦ ਬਦਰ (ਜਮਾਂਬੰਦੀ 'ਚ ਰਿਕਾਰਡ) ਵਰਗੀਆਂ ਸੇਵਾਵਾਂ ਸ਼ਾਮਲ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਪੋਰਟਲ ਰਾਹੀਂ ਲੋਕ ਆਪਣਾ ਸਮਾਂ ਅਤੇ ਮਿਹਨਤ ਬਚਾਉਂਦੇ ਹੋਏ ਬਿਨਾ ਪਟਵਾਰੀ ਨੂੰ ਮਿਲੇ ਹੀ ਕੰਮ ਕਰਵਾ ਸਕਦੇ ਹਨ। ਆਨਲਾਈਨ ਜਮਾਂਬੰਦੀ ਦੀ ਕਾਪੀ ਡਿਜ਼ੀਟਲ ਹਸਤਾਖ਼ਰ ਅਤੇ ਕਿਊ.ਆਰ ਕੋਡ ਸਮੇਤ ਉਪਲਬੱਧ ਹੋਵੇਗੀ। ਇਹ ਫਰਦ ਦੀ ਸਾਰੀਆਂ ਥਾਵਾਂ 'ਤੇ ਮਾਨਤਾ ਹੋਵੇਗੀ ਅਤੇ ਇਸ ਸਬੰਧ ਵਿਚ ਸਰਕਾਰ ਨੇ ਸਾਰੀਆਂ ਸੰਸਥਾਵਾਂ ਨੂੰ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਇਸਨੂੰ ਸਕੈਨ ਕਰਕੇ ਰਜਿਸਟਰੀ ਲਈ ਪ੍ਰਯੋਗ ਕੀਤਾ ਜਾ



ਸਕਦਾ ਹੈ ਅਤੇ ਰਜਿਸਟਰੀ ਲਈ ਮੈਨੂਅਲ ਫਰਦ ਦੀ ਲੋੜ ਨਹੀਂ ਰਵੇਗੀ। ਉਨ੍ਹਾਂ ਦੱਸਿਆ ਕਿ ਜ਼ਮੀਨ ਦੀ ਨਵੀਂ ਰਜਿਸਟਰੀ ਹੋਣ 'ਤੇ ਇੰਤਕਾਲ ਆਪਣੇ ਆਪ ਹੀ 30 ਦਿਨ ਦੇ ਅੰਦਰ ਹੋ ਜਾਵੇਗਾ। ਵਿਰ-ਾਸਤ ਦੇ ਇੰਤਕਾਲ ਅਤੇ ਪੁਰਾਣੀ ਰਜਿਸਟਰੀ, ਜਿਸ ਦਾ ਇੰਤਕਾਲ ਦਰਜ ਨਾ ਹੋਇਆ ਹੋਵੇ, ਉਸ ਲਈ ਵੀ ਆਨਲਾਈਨ ਅਰਜ਼ੀ ਦੇ ਸਕਦੇ ਹਨ। ਪੂਰੀ ਪ੍ਰਕਿਰਿਆ ਦੀ ਜਾਣਕਾਰੀ ਵਟਸਅਪ ਅਤੇ ਪੋਰਟਲ 'ਤੇ ਸੂਚੀਬੱਧ ਢੰਗ ਨਾਲ ਦਿੱਤੀ ਜਾਵੇਗੀ। ਰਪਟ ਐਂਟਰੀ ਜਿਵੇਂ ਕਿ ਅਦਾਲਤ ਦੇ ਹੁਕਮ ਜਾਂ ਕਰਜੇ ਨਾਲ ਸਬੰਧਤ ਐਂਟਰੀਆਂ ਲਈ ਵੀ ਡਿਜੀਟਲ ਰੂਪ ਨਾਲ ਅਪਲਾਈ ਕੀਤੀ ਜਾ ਸਕਦੀ ਹੈ। ਉਥੇ, ਜਮਾਂਬੰਦੀ ਵਿਚ ਨਾਮ, ਰਕਬਾ ਜਾਂ ਹੋਰ ਤਰੁੱਟੀਆਂ ਨੂੰ ਸੁਧਾਰਨ ਲਈ ਹੁਣ ਸਰਕਾਰੀ ਦਫ਼ਤਰਾਂ ਦੇ ਚੱਕਰ ਲਗਾਉਣ ਦੀ ਜ਼ਰੂਰਤ ਨਹੀਂ ਹੋਵੇਗੀ। ਜ਼ਰੂਰੀ ਦਸਤਾਵੇਜ ਦੇ ਨਾਲ ਸਾਧਾਰਣ ਫਾਰਮ ਆਨਲਾਈਨ ਭਰ ਕੇ 15 ਦਿਨ ਵਿਚ ਕਾਰਵਾਈ ਪੂਰੀ ਹੋ ਜਾਵੇਗੀ। ਸਾਰੀਆਂ ਸੇਵਾਵਾਂ ਦੀ ਫੀਸ ਵੀ ਆਨਲਾਈਨ ਅਦਾ ਕੀਤੀ ਜਾਵੇਗੀ। ਜ਼ਮੀਨ ਦੀ ਸੁਰੱਖਿਆ ਲਈ ਪੰਜਾਬ ਸਰਕਾਰ ਨੇ ਇਹ ਸਬਸਕ੍ਰਿਪਸ਼ਨ ਸੇਵਾ ਸ਼ੁਰੂ ਕੀਤੀ ਹੈ। ਪ੍ਰਤੀ ਖੇਵਟ 500 ਰੁਪਏ ਸਾਲਾਨਾ ਫੀਸ ਦੇ ਕੇ ਮਾਲਿਕ ਆਪਣੇ ਰਿਕ-ਾਰਡ ਨੂੰ ਸਬਸਕਰਾਈਬ ਕਰ ਸਕਦੇ ਹਨ। ਰਿਕਾਰਡ ਵਿਚ ਕਿਸੇ ਵੀ ਬਦਲਾਅ ਦੀ ਕੋਸ਼ਿਸ਼ 'ਤੇ ਵੱਟਸਐਪ ਜਾਂ ਈਮੇਲ ਤੋਂ ਤੁਰੰਤ ਅਲਰਟ ਮਿਲੇਗਾ ਅਤੇ ਆਨਲਾਈਨ ਰੁਕਾਵਟ ਦਰਜ ਕਰਵਾਈ ਜਾ ਸਕੇਗੀ, ਜੋ ਸਿੱਧੇ ਸਬੰਧਤ ਮਾਲ ਅਧਿਕਾਰੀ ਤੱਕ ਪਹੁੰਚੇਗੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ easyjamabanid.pun-jab.govi.n 'ਤੇ ਕਲਿੱਕ ਵਿਚ ਇਹ ਸੇਵਾਵਾਂ ਉਪਲਬੱਧ ਹਨ। ਇਸ ਨਾਲ ਪ੍ਰਸ਼ਾਸਨ ਦਾ ਉਦੇਸ਼ ਹੈ ਕਿ ਨਾਗਰਿਕਾਂ ਨੂੰ ਪਾਰਦਰਸ਼ੀ, ਤੇਜ ਅਤੇ ਆਸਾਨ ਸੇਵਾਵਾਂ ਘਰ ਬੈਠੇ ਉਪਲਬੱਧ ਕਰਾਈ ਜਾਵੇ।

# 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਾਨਚੈਸਟਰ ਚ ਪੰਜਵਾਂ ਚਾਰ ਰੋਜ਼ਾ ਵਿਸਾਲ ਗੁਰਮਤਿ ਸਮਾਗਮ ਸੰਪੰਨ

**● ਭਾਈ ਹਰਜਿੰਦਰ ਸਿੰਘ ਸ਼੍ਰੀ ਨਗਰ ਵਾਲਿਆਂ ਸਮੇਤ ਪੰਜਾਬ ਤੋਂ ਪੁੱਜੇ ਵੱਖ-ਵੱਖ ਰਾਗੀ ਜਥਿਆਂ ਨੇ ਸੰਗਤਾਂ ਨੂੰ ਸੁਣਾਇਆ ਗੁਰੂ ਇਤਿਹਾਸ ● ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਜਾਣ ਬਦਲੇ ਦਿੱਤੇ ਜਾਣ ਵਾਲਾ ਟਕਾ ਅਤੇ ਪਿਤਾ ਮਹਿਤਾ ਕਾਲੂ ਵੱਲੋਂ ਗੁਰੂ ਨਾਨਕ ਨੂੰ ਦਿੱਤੇ 20 ਸਿੱਕੇ ਪ੍ਰਦਰਸ਼ਨੀ ਦੌਰਾਨ ਸੰਗਤਾਂ ਦੀ ਖਿੱਚ ਦਾ ਕੇਂਦਰ ਬਣੇ ● ਸ਼੍ਰੀ ਕੇਸਗੜ੍ਹ ਸਾਹਿਬ ਤੋਂ ਪੁੱਜੇ ਪੰਜ ਪਿਆਰਿਆਂ ਨੇ ਵੱਡੀ ਗਿਣਤੀ ਚ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਲੜ ਲਾਇਆ ● ਐਜੂਕੇਟ ਪੰਜਾਬ ਪ੍ਰੋਜੈਕਟ ਵੱਲੋਂ ਪੰਜਾਬ ਚ 7 ਸਕੂਲ ਖੋਲ ਕੇ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਮੁਫਤ ਦਿੱਤੀ ਜਾ ਰਹੀ ਹੈ ਸਿੱਖਿਆ, 100 ਤੋਂ ਵੱਧ ਸਕੂਲ ਖੋਲਣ ਦਾ ਮਿਥਿਆ ਟੀਚਾ**









**ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਾਨਚੈਸਟਰ ਵਿਖੇ ਕਰਵਾਏ ਜਾ ਰਹੇ ਪੰਜਵੇਂ ਚਾਰ ਰੋਜ਼ਾਂ ਮਿਸਾਲ ਧਾਰਮਿਕ ਸਮਾਗਮ ਅਤੇ ਕੀਰਤਨ ਦਰਬਾਰ ਦੀਆਂ ਵੱਖ ਵੱਖ ਤਸਵੀਰਾਂ।**
**ਤਸਵੀਰਾਂ:-ਸੁਖਜਿੰਦਰ ਸਿੰਘ ਢੱਡੇ**

**ਮਾਨਚੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-** ਗੋਰਿਆਂ ਦੀ ਬਹੁਗਿਣਤੀ ਵਸੋਂ ਵਾਲੇ ਇੰਗਲੈਂਡ ਦੇ ਸ਼ਹਿਰ ਮਾਨਚੈਸਟਰ ਵਿਖੇ ਮਾਨਚੈਸਟਰ ਦੇ ਪੰਜ ਗੁਰੂ ਘਰਾਂ ਅਤੇ ਸੁਖਮਨੀ ਸਾਹਿਬ ਸੇਵਾ ਪਰਿਵਾਰ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਪੰਜਵਾਂ ਚਾਰ ਰੋਜ਼ਾ ਵਿਸਾਲ ਗੁਰਮਤਿ ਸਮਾਗਮ ਤੇ ਕੀਰਤਨ ਦਰਬਾਰ ਕਰਵਾਇਆ ਗਿਆ। ਖੁੱਲੇ ਪਾਰਕ ਚ ਕਰਵਾਏ ਗਏ ਹੁਣ ਤੱਕ ਦੇ ਇੰਗਲੈਂਡ ਦੇ ਸਭ ਤੋਂ ਵੱਡੇ ਇਸ ਮਹਾਨ ਗੁਰਮਤਿ ਸਮਾਗਮ ਅਤੇ ਕੀਰਤਨ ਦਰਬਾਰ ਚ ਸਿੱਖ ਪੰਥ ਦੇ ਪ੍ਰਸਿੱਧ ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ, ਗਿਆਨੀ ਗੁਰਦੇਵ ਸਿੰਘ ਆਸਟਰੇਲੀਆ ਵਾਲੇ, ਭਾਈ ਜਸਪਾਲ ਸਿੰਘ ਜਲੰਧਰ ਵਾਲੇ,ਭਾਈ ਰਵਿੰਦਰ ਸਿੰਘ ਦਿੱਲੀ ਵਾਲੇ, ਭਾਈ ਅਮਰਜੀਤ ਸਿੰਘ ਪਟਿਆਲੇ ਵਾਲੇ, ਭਾਈ ਸੁਖਜਿੰਦਰ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਅਮਨਦੀਪ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਬਲਵਿੰਦਰ ਸਿੰਘ ਲਾਡੀ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਜਸਬੀਰ ਸਿੰਘ ਖਾਲਸਾ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਕਰਨਜੀਤ ਸਿੰਘ ਖਾਲਸਾ ਬਰਮਿੰਘਮ ਵਾਲੇ,ਭਾਈ ਸੰਤੋਖ ਸਿੰਘ ਜਲੰਧਰ ਵਾਲਿਆਂ ਸਮੇਤ ਹੋਰ ਬਹੁਤ ਸਾਰੇ ਸਿੱਖ ਪੰਥ ਦੇ ਮਹਾਨ ਰਾਗੀ ਜਥਿਆਂ ਅਤੇ ਕਥਾ ਵਾਚਕਾਂ ਨੇ ਚਾਰ ਦਿਨ ਕਥਾ ਕੀਰਤਨ ਰਾਹੀਂ ਇੰਗਲੈਂਡ ਸਮੇਤ ਯੂਰਪ ਭਰ ਅਤੇ ਅਮਰੀਕਾ, ਕਨੇਡਾ, ਸਮੇਤ ਅਫਗਾਨਿਸਤਾਨ ਤੋਂ ਪੁੱਜੀਆਂ ਵੱਡੀ ਗਿਣਤੀ ਚ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾਇਆ। ਚਾਰ ਰੋਜ਼ਾ ਇਸ ਮਹਾਨ ਧਾਰਮਿਕ ਕੀਰਤਨ ਸਮਾਗਮ ਦੌਰਾਨ ਸਟੇਜ ਸਕੱਤਰ ਦੀ ਸੇਵਾ ਸਮਾਗਮ ਦੇ ਪ੍ਰਬੰਧਕ ਅਮਰੀਕ ਸਿੰਘ ਰਾਠੋਰ ਵੱਲੋਂ ਨਿਭਾਈ ਗਈ। ਇਸ ਧਾਰਮਿਕ ਸਮਾਗਮ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਮਰੀਕ ਸਿੰਘ ਰਾਠੌਰ, ਭਾਈ ਪ੍ਰਭਜੋਤ ਸਿੰਘ ਪੂਲੀਆ, ਭਾਈ ਸਰਬਜੋਤ ਸਿੰਘ ਪੋਲੀਆ, ਭਾਈ ਹਰਪਾਲ ਸਿੰਘ ਵਿੰਗ, ਗੁਰਬਚਨ ਸਿੰਘ ਅਰੋੜਾ, ਜਸਪਾਲ ਸਿੰਘ ਦਰਵੇਸ਼, ਜਸਪਾਲ ਸਿੰਘ ਖਾਲਸਾ, ਵੀਰ ਜੱਸੀ, ਰਾਜ ਸਿੰਘ ਰਠੌਰ, ਵੀਰ ਰਾਜੂ ਤੇ ਪੱਪੂ ਸਿੰਘ ਵੱਲੋਂ ਬਹੁਤ ਹੀ ਸੁਚੱਜੇ ਪ੍ਰਬੰਧ ਕੀਤੇ ਗਏ। ਧਾਰਮਿਕ ਸਮਾਗਮ ਦੇ ਆਖਰੀ ਦਿਨ ਐਤਵਾਰ ਨੂੰ ਸ਼੍ਰੀ ਕੇਸਗੜ੍ਹ ਸਾਹਿਬ ਤੋਂ ਪੁੱਜੇ ਪੰਜ ਪਿਆਰਿਆਂ ਵੱਲੋਂ ਵੱਡੀ ਗਿਣਤੀ ਚ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਲੜ ਲਾਇਆ ਗਿਆ। ਇਸ ਧਾਰਮਿਕ ਸਮਾਗਮ ਚ ਵਿਸ਼ੇਸ਼ ਤੌਰ ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ,ਜਥੇਦਾਰ ਭਾਈ ਗਜਿੰਦਰ ਸਿੰਘ ਖਾਲਸਾ ਨੇ ਹਾਜਰੀ ਭਰੀ। ਪੰਜਾਬ ਦੇ ਗਰੀਬ ਪਰਿਵਾਰਾਂ ਅਤੇ ਬੇਸਹਾਰਾ ਬੱਚਿਆਂ ਨੂੰ ਮੁਫਤ ਪੜਾਉਣ ਦਾ ਉਪਰਾਲਾ ਕਰ ਰਹੇ ਐਜੂਕੇਟ ਪੰਜਾਬ ਪ੍ਰੋਜੈਕਟ ਦੇ ਪ੍ਰਬੰਧਕ ਜਸਵਿੰਦਰ ਸਿੰਘ ਕੋਹਲੀ ਬਾਵਾ ਵੱਲੋਂ ਸਟਾਲ ਲਗਾ ਕੇ ਪੰਜਾਬ ਦੇ ਲੋੜਵੰਦ ਬੱਚਿਆਂ ਨੂੰ ਮੁਫਤ ਸਿੱਖਿਆ ਦੇਣ ਲਈ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ। ਜਸਵਿੰਦਰ ਸਿੰਘ ਬਾਵਾ ਵੱਲੋਂ ਪੰਜਾਬ ਦੇ ਵੱਡੀ ਗਿਣਤੀ ਚ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਬੱਚਿਆਂ ਨੂੰ ਮੁਫਤ ਪੜ੍ਹਾਈ ਕਰਵਾਈ ਜਾ ਰਹੀ ਹੈ, ਅਤੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਚ 7 ਦੇ ਕਰੀਬ ਮੁਫਤ ਸਕੂਲ ਖੋਲੇ ਗਏ ਹਨ , ਜਿਨਾਂ ਚ ਪੰਜਾਬ ਦੇ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਮੁਫਤ ਸਿੱਖਿਆ ਦਿੱਤੀ ਜਾ ਰਹੀ ਹੈ, ਕੋਹਲੀ ਬਾਵਾ ਨੇ ਦੱਸਿਆ ਕਿ ਉਨ੍ਹਾਂ ਨੇ ਪੰਜਾਬ ਵਿੱਚ 100 ਦੇ ਕਰੀਬ ਮੁਫਤ ਸਕੂਲ ਖੋਲਣ ਦਾ ਟੀਚਾ ਮਿਥਿਆ ਹੈ। ਇਸੇ ਤਰ੍ਹਾਂ ਇਸ ਸਮਾਗਮ ਚ ਗਲੋਬਲ ਸਿੱਖ ਵਿਜ਼ਨ ਲੰਡਨ ਦੇ ਕੋਹਲੀ ਰਵਿੰਦਰ ਪਾਲ ਸਿੰਘ ਵੱਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਪੁਰਾਤਨ ਬੇਸਕੀਮਤੀ ਸਿੱਕਿਆਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ, ਜਿਸ ਵਿੱਚ ਗੁਰੂ ਸਾਹਿਬ ਜੀ ਦੇ ਵੇਲੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਜਾਣ ਬਦਲੇ ਦਿੱਤੇ ਜਾਣ ਵਾਲੇ ਦੁਨੀਆਂ ਚ ਮੋਜੂਦ ਇੱਕੋ ਇੱਕ ਟਕੇ ਅਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਿਤਾ ਜੀ ਮਹਿਤਾ ਕਾਲੂ ਵੱਲੋਂ ਦਿੱਤੇ ਗਏ 20 ਸਿੱਕੇ ਵੀ ਇਸ ਪ੍ਰਦਰਸ਼ਨੀ ਦੌਰਾਨ ਸੰਗਤਾਂ ਦੀ ਖਿੱਚ ਦਾ ਕੇਂਦਰ ਬਣੇ ਰਹੇ। ਇਸ ਧਾਰਮਿਕ ਸਮਾਗਮ ਦੌਰਾਨ ਚਾਰੇ ਦਿਨ ਹੀ ਵੱਖ-ਵੱਖ ਪ੍ਰਕਾਰ ਦਾ ਗੁਰੂ ਕਾ ਅਟੁੱਟ ਲੰਗਰ ਵੀ ਵਰਤਾਇਆ ਗਿਆ।

## ਭੈਣਾਂ ਵਰਗਾ ਸਾਕ ਨਾ ਕੋਈ

ਸਾਉਣ ਮਹੀਨੇ ਪੁੰਨਿਆਂ ਦਾ ਚੰਨ ,
ਜਦੋਂ ਸਿਖਰ 'ਤੇ ਆਉਂਦਾ ਹੈ ।
ਫ਼ਿਰ ਰੱਖੜੀ ਦਾ ਤਿਉਹਾਰ ਭੈਣ ਨੂੰ ,
ਵੀਰਾਂ ਨਾਲ਼ ਮਿਲਾਉਂਦਾ ਹੈ ।
ਭੈਣ ਆਪਣੇ ਭਾਈਆਂ ਦੇ ਲਈ ,
ਸੌ ਸੌ ਸੁੱਖਾਂ ਮੰਗਦੀ ਹੈ ;
ਫ਼ਿਰ ਲੋੜ ਪੈਣ 'ਤੇ ਸਰਬਣ ਵੀਰ ਵੀ,
ਪੈਰ ਜੁੱਤੀ ਨਾ ਪਾਉਂਦਾ ਹੈ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ
ਜ਼ਿਲ੍ਹਾ ਸੰਗਰੂਰ।
9914836037

## ਆਪਣੇ ਬੇਗਾਨੇ

ਕੁੱਝ ਲੋਕ ਮੇਰੇ ਆਪਣੇ ਜਿਹੇ
ਕੁੱਝ ਆਪਣੇ ਮੇਰੇ ਬੇਗਾਨੇ ਜਿਹੇ

ਮੈਂ ਤੇ ਓਥੇ ਦਾ ਓਥੇ ਹੀ ਹਾਂ
ਪਰ ਮੇਰੇ ਆਪਣੇ ਨਾਂ ਅੱਜ ਆਪਣੇ ਰਹੇ

ਜਦੋਂ ਹੁੰਦੇ ਸੀ ਅਸੀਂ ਥੋੜਾ ਰੋਬ ਵਿੱਚ
ਉਦੋਂ ਤਾਂ ਵੇਖ ਸਾਨੂੰ ਬੇਗਾਨਾ ਵੀ ਆਪਣਾ ਕਹੇ

ਦਿਨ ਮਾੜੇ ਵੇਖ ਹਾਲ ਚਾਲ ਨਾਂ ਕਿਸੇ ਪੁਛਿਆ
ਜਦ ਡਾਢੇ ਰੱਬ ਵੱਲ ਵੇਖ ਸਾਡੇ ਹੰਜੂ ਵਹੇ

ਵੇਖੀਂ ਚੰਗੇ ਦਿਨ ਦੂਰ ਨਹੀਂ ਹੁਣ ਤੇਰੇ ਵੀ ਸੱਜਣਾ
ਜਦ ਹਰ ਕੋਈ ਵੇਖ ਤੈਨੂੰ ਆਪਣਾ ਤਾਜ ਕਹੇ
ਜਦ ਹਰ ਕੋਈ ਵੇਖ ਤੈਨੂੰ ਆਪਣਾ ਤਾਜ ਕਹੇ ॥।



**ਸਰਤਾਜ ਸਿੰਘ ਸੰਧੂ**
ਪਿੰਡ ਰਣੀਕੇ
ਜ਼ਿਲਾ ਅੰਮ੍ਰਿਤਸਰ
ਫੋਨ 9170000064

## ਲੋਕ ਪੋਸਟਾਂ ਪਾਉਂਦੇ

ਹਰ ਥਾਂ ਹੁੰਦੀ ਤਕਰੀਰ ਦੋਸਤੋ
ਮਸਲੇ ਆ ਗੰਭੀਰ ਦੋਸਤੋ
ਠਾਣਿਆਂ ਦੇ ਵਿੱਚ ਭੀੜ ਭੜੱਕੇ
ਝਗੜੇ ਹੋਏ ਦੋ ਗੁੱਟਾ ਦੇ
ਲੋਕ ਪੋਸਟਾਂ ਪਾਉਂਦੇ ਰਹਿੰਦੇ
ਮਿੱਤਰੋ ਵਿੱਚ ਗਰੁੱਪਾਂ ਦੇ

ਲਾਇਕ ਵਿਊ ਨਾਲ ਕੋਈ ਮਤਲਬ ਨ੍ਹੀ
ਹਰ ਇੱਕ ਨੂੰ ਸਮਝਾਉਣਾ
ਦੋਗਲੇ ਨੇ ਕਿਰਦਾਰ ਜਿਨ੍ਹਾਂ ਦੇ ਸ਼ੀਸ਼ਾ
ਬੱਸ ਦਿਖਾਉਣਾ
ਧਰਨੇ ਅਤੇ ਮੁਜਾਰੇ ਲਗਦੇ ਪਾਣੀ
ਦਿਆ ਦੋ ਘੁੱਟਾਂ ਦੇ
ਲੋਕ ਪੋਸਟਾਂ ਪਾਉਂਦੇ ਰਹਿੰਦੇ
ਮਿੱਤਰੋ ਵਿੱਚ ਗਰੁੱਪਾਂ ਦੇ

ਝੂਠ ਬੋਲਣ ਦਾ ਠੇਕਾ ਲੈ ਲਿਆਂ,
ਪੌਡਕਾਸਟ ਜੋ ਕਰਦੇ
ਮੈਸਿਜ ਕੀ ਜਨਤਾਂ ਵਿਚ ਜਾਣਾ ਜ਼ਰਾ
ਜਿਨ੍ਹਾਂ ਨਹੀਂ ਡਰਦੇ
ਖਮਿਆਜੇ ਭੁਗਤਣੇ ਪੈਂਦੇ ਫਿਰ ਬੇ
ਮੌਸਮੀਆ ਰੁੱਤਾਂ ਦੇ
ਲੋਕ ਪੋਸਟਾਂ ਪਾਉਂਦੇ ਰਹਿੰਦੇ
ਮਿਤਰੋ ਵਿਚ ਗਰੁੱਪਾਂ ਦੇ

ਗੁਰਮੀਤ ਡੁਮਾਣੇ ਵਾਲਾ ਸੋਚੇ
ਹੋਊ ਰੱਬ ਦੀ ਰਹਿਮਤ
ਤੇਰੀਆਂ ਇਸ ਦਲੀਲਾਂ ਦੇ ਨਾਲ
ਬਹੁਤੇ ਲੋਕ ਨਹੀਂ ਸਹਿਮਤ
ਰੌਲਾ ਰੱਪਾ ਪਾਉਂਣਾ ਪੈਂਦਾ ਮੁੱਲ ਨਹੀਂ
ਪੈਂਦੇ ਚੁੱਪਾਂ ਦੇ
ਲੋਕ ਪੋਸਟਾਂ ਪਾਉਂਦੇ ਰਹਿੰਦੇ
ਮਿੱਤਰੋ ਵਿੱਚ ਗਰੁੱਪਾਂ ਦੇ



**ਗੁਰਮੀਤ ਡੁਮਾਣਾ**
ਲੋਹੀਆਂ ਖਾਸ
ਜਲੰਧਰ
76528 16074

## ਸਮੇਂ ਦੀ ਗੱਲ ਸਾਰੀ

ਤੇਰੇ ਕੋਲ ਸਾਡੇ ਲਈ ਜੇ ਸਮਾਂ ਨਹੀਂ
ਗਿੰਦੇ ਹੁਰੀਂ ਕਿਹੜੇ ਵਿਹਲੇ ਆਂ ਸੱਜਣਾ॥

ਤੂੰ ਆਵੇਂ ਮੁੱਖ ਘੁਮਾਵੇ ਦੇਖੇ ਨਾ,
ਅਸੀਂ ਵੀ ਆਹ ਗੇਮਾਂ ਖੇਲੇ ਆ ਸੱਜਣਾ॥

ਸਮੇਂ ਦੇ ਕਈ ਰੰਗ ਦੇਖ ਜਵਾਨ ਹੋਏ,
ਅਸੀਂ ਵੀ ਕਈ ਸਮੇਂ ਧਕਲੇ ਆ ਸੱਜਣਾ॥

ਤੈਨੂੰ ਸਾਡੇ ਆਉਣ ਨਾਲ ਫਰਕ ਨਹੀਂ
ਪੈਂਦਾ,,
ਅਸੀਂ ਕਿਹੜੇ ਤੇਰੇ ਚੇਲੇ ਆ ਸੱਜਣਾ।

ਬਾਰ ਬਾਰ ਨੀ ਆਉਣਾ ਦੁਨੀਆ ਉਤੇ,,
ਨਾ ਲੱਗਣੇ ਰੋਜ਼ ਰੋਜ਼ ਇਥੇ ਮੇਲੇ ਸੱਜਣਾ।

ਤੇਰੇ ਨਾਲ ਪਿਆਰ ਕਰਦੇ, ਡਰਦੇ ਨਹੀਂ,,
ਐਵੇਂ ਕੱਢ ਨਾ ਸਾਨੂੰ ਲਾਲ ਲਾਲ ਡੇਲੇ ਸੱਜਣਾ।



**ਗੁਰਜਿੰਦਰ ਸਿੰਘ ਸਿੱਧੂ**
ਪਿੰਡ ਖਿੱਚੀਆਂ
ਜ਼ਿਲਾ ਗੁਰਦਾਸਪੁਰ
ਫੋਨ 062393 31711

## ਜਨਮ-ਦਿਨ ਮੁਬਾਰਕ



**ਪ੍ਰੀਤ ਇੰਦਰ ਸ਼ਰਮਾ**
**ਸਪੁੱਤਰ ਜਗਮੀਤ ਸ਼ਰਮਾ / ਸੋਨੀਆਂ ਸ਼ਰਮਾ ।**
**ਪੋਤਰਾ ਮੂਲ ਚੰਦ ਸ਼ਰਮਾ / ਸਰਬਜੀਤ ਸ਼ਰਮਾ ।**

# ਦਿਲ ਦਾ ਦੌਰਾ

ਬੇਬੇ ਨੇ ਆਪਣੀ ਜਵਾਨੀ ਤੋਂ ਬਚੇ ਵਿਆਹੁਣ ਤੱਕ, ਹਰ ਰਿਸ਼ਤੇਦਾਰ ਹਰ ਜਾਣਕਾਰ ਤੇ ਆਂਢ ਗੁਆਂਢ ਨਾਲ ਬਣਾ ਕੇ ਰੱਖਿਆ। ਸਭ ਉਸਦੀ ਇੱਜਤ ਕਰਦੇ ਸੀ। ਜਿੰਦਗੀ ਵਿੱਚ ਚੰਗੀਆਂ ਖੁਰਾਕਾਂ ਖਾਧੀਆਂ ਤੇ ਪੂਰੀ ਮਿਹਨਤ ਕਰਨ ਕਰਕੇ, ਉਹ ਕਦੇ ਜਿਆਦਾ ਬਿਮਾਰ ਵੀ ਨਹੀਂ ਹੋਈ ਸੀ। ਮਾੜੀ ਮੋਟੀ ਅਲਾਮਤ ਆਉਣ ਤੇ ਪਿੰਡ ਦੇ ਹੀ ਕਿਸੇ ਵੈਦ ਜਾ ਡਾਕਟਰ ਤੋਂ ਕੋਈ ਗੋਲੀ ਪੁੜੀ ਨਾਲ ਹੀ ਸਰ ਜਾਣਾ ਆਮ ਗੱਲ ਸੀ।

ਉਧਰ ਪੁੱਤ ਧੀਆਂ ਵਿਆਹੇ ਗਏ ਸਨ। ਪੁੱਤ ਸੋਹਣੇ ਨੌਕਰੀ ਕਰਦੇ ਤੇ ਨੂੰਹਾਂ ਪੜੀਆਂ ਲਿਖੀਆਂ ਆ ਚੁੱਕੀਆਂ ਸਨ। ਨਾ ਨੌਕਰੀ ਕਰਕੇ ਪੁੱਤਾਂ ਨੂੰ ਮਾਂ ਕੋਲ ਬੈਠਣ ਦੀ ਵਿਹਲ ਸੀ ਤੇ ਨਾ ਆਪਣੇ ਬੱਚਿਆਂ ਤੇ ਕੰਮਾਂ ਵਿਚ ਰੁੱਝੀਆਂ ਨੂੰਹਾਂ ਹੀ ਮਾਂ ਵੱਲ ਜਿਆਦਾ ਧਿਆਨ ਦਿੰਦੀਆਂ। ਬਖਤੌਰ ਸਿੰਘ ਨੂੰ ਗੁਜਰੇ ਵੀ ਕਈ ਸਾਲ ਹੋ ਚੁੱਕੇ ਸਨ।

ਜਿਹਨਾਂ ਨੇ ਜਿੰਦਗੀ ਹੰਢਾਈ ਹੈ ਤੇ ਜਿਹਨਾ ਨੂੰ ਜਿੰਦਗੀ ਦਾ ਤਜਰਬਾ ਹੈ। ਉਹ ਜਾਣਦੇ ਕਿ ਜੀਵਨ ਸਾਥੀ ਦੇ ਵਿਛੋੜੇ ਦੀ ਯਾਦ ਪਿਛਲੀ ਉਮਰੇ ਕਿੰਨਾ ਤੰਗ ਕਰਦੀ ਹੈ। ਕਿਉਂਕਿ ਹੁਣ ਪੋਤੇ ਵੀ ਉਹ ਨਹੀਂ ਰਹੇ ਸੀ, ਜਿਹੜੇ ਦਾਦੀ ਦੀ ਗੋਦੀ ਵਿੱਚ ਬੈਠ ਬਾਤਾਂ ਸੁਣਦੇ ਸੀ। ਹੁਣ ਤਾਂ ਪੋਤਰੇ ਵੀ ਰੋਟੀ ਮੋਬਾਈਲ ਦੇਖਦੇ ਹੋਏ ਖਾਂਦੇ, ਤੇ ਮੋਬਾਇਲ ਫੜ ਕੇ ਬਿਸਤਰ ਵਿਚ ਜਾ ਵੜਦੇ ਸੀ।

ਭਾਵੇਂ ਨੂੰਹਾਂ ਉਹਦੇ ਨਹਾਉਣ ਧੋਣ, ਉਹਦੀ ਰੋਟੀ ਦਾ ਖਿਆਲ ਰੱਖਦਿਆਂ ਸੀ। ਘਰ ਵਿਚ ਕਮੀ ਕੋਈ ਨਹੀਂ ਸੀ। ਪਰ ਇਸ ਉਮਰੇ ਇਕਲਾਪਾ ਜਿਆਦਾ ਖਾਂਦਾ ਹੈ। ਪਤਾ ਹੀ ਨਹੀਂ ਲੱਗਿਆ, ਕਦ ਯਾਦਾਂ ਵਿਚ ਘਿਰੀ ਬੇਬੇ ਧੰਨ ਕੌਰ ਨੂੰ ਹਅਰਟ ਉਟਟਓਚਕ ਆ ਗਿਆ।

ਛੇਤੀ ਛੇਤੀ ਹਸਪਤਾਲ ਲਿਜਾਇਆ ਗਿਆ। ਤੇ ਦੂਸਰੇ ਹੀ ਦਿਨ, ਪਤਾ ਲੈਣ ਵਾਲੇ ਆਉਣ ਲੱਗੇ। ਬੇਬੇ ਦੇ ਭਾਅ ਦਾ ਤਾਂ ਇਹ ਕੋਈ ਤਿਉਹਾਰ ਸੀ। ਇੱਕ ਆ ਰਿਹਾ ਸੀ, ਇੱਕ ਜਾ ਰਿਹਾ ਸੀ। ਸਭ ਨਾਲ ਸੋਹਣਾ ਵਿਉਹਾਰ ਹੋਣ ਕਰਕੇ, ਸਾਰੇ ਪਿੰਡ ਵਾਲੇ ਤੇ ਰਿਸ਼ਤੇਦਾਰ ਆਏ। ਕੱਲ੍ਹ ਤੱਕ ਜਿਹਨਾ ਕੋਲ ਗੱਲ ਕਰਨ ਦਾ ਵੀ ਟਾਇਮ ਨਹੀਂ ਸੀ, ਉਹ ਬੇਬੇ ਕੋਲ ਘੰਟਾ ਘੰਟਾ ਬੈਠੇ ਰਹਿੰਦੇ।

ਤਿੰਨ ਚਾਰ ਦਿਨ ਹਸਪਤਾਲ ਵਿਚ ਰਹਿਣ ਤੋਂ ਬਾਅਦ, ਅਚਾਨਕ ਇੱਕ ਸਵੇਰੇ ਡਾਕਟਰ ਆਇਆ। ਤੇ ਬੋਲਿਆ ਤਬੀਅਤ ਕਿਵੇਂ ਹੈ ? ਮੈਂ ਤਾਂ ਬਾਗੋਬਾਗ ਹਾਂ ਬੇਬੇ ਬੋਲੀ।ਚੰਗਾ ਬੇਬੇ ਤੈਨੂੰ ਅੱਜ ਛੁੱਟੀ ਦੇ ਦਿੰਦੇ ਹਾਂ। ਹੁਣ ਤੂੰ ਘਰ ਜਾ ਸਕਦੀ। ਵੈ ਭਾਈ, ਇਹ ਤਾਂ ਦੱਸ ਮੈਨੂੰ ਹੋਇਆ ਕੀ ਸੀ? ਬੇਬੇ ਤੈਨੂੰ ਹਅਰਟ ਉਟਟਓਚਕ ਆਇਆ ਸੀ।
ਬੇਬੇ ਨੂੰ ਘਰ ਜਾਣ ਦਾ ਇੰਨਾ ਚਾਅ ਨਹੀਂ ਸੀ, ਜਿੰਨਾ ਇਸ ਬਹਾਨੇ ਮਿਲੇ ਰਿਸ਼ਤੇਦਾਰਾਂ ਦੀ ਖੁਸ਼ੀ ਸੀ।
ਬੇਬੇ ਫਿਰ ਉਸੇ ਸਹਿਜ ਸੁਭਾਅ ਡਾਕਟਰ ਨੂੰ ਬੋਲੀ, ਭਾਈ ਇਹ ਦੁਬਾਰਾ ਵੀ ਆਊਗਾ ?
ਹਾਂ ਬੇਬੇ ਆ ਸਕਦਾ।
ਤਾਂ ਭਾਈ, ਕੋਈ ਅਜਿਹੀ ਦਵਾਈ ਦੇਹ, ਜਿਹੜਾ ਇਹ ਡੂੱਬਣਾ ਛੇਤੀ ਆ ਜਾਵੇ। ਰੱਬ ਦੀ ਸਹੁੰ ਬਾਹਲਾ ਹੀ ਚੰਗਾ ਲੱਗਿਆ।



**ਵੈਦ ਬਲਵਿੰਦਰ ਸਿੰਘ ਢਿੱਲੋ**

# ਭਾਈਚਾਰਕ ਸਾਂਝ ਤੇ ਆਜ਼ਾਦੀ ਦੀ ਸਲਾਮਤੀ ਲਈ ਆਰ.ਐਸ.ਐਸ. ਦੇ ਘਾਤਕ ਮਨਸੂਬੇ ਪਛਾੜੋ : ਜਗਰੂਪ

**ਲੋਕ ਹਿਤਾਂ ਦੀ ਰਾਖੀ ਲਈ ਸਾਮਰਾਜੀ ਤੇ ਕਾਰਪੋਰੇਟੀ ਲੁੱਟ ਦਾ ਫਸਤਾ ਵੱਢੋ -ਮਹੀਪਾਲ**






**ਸ਼੍ਰੀ ਮੁਕਤਸਰ ਸਾਹਿਬ;** 'ਫਾਸ਼ੀ ਹਮਲਿਆਂ ਵਿਰੋਧੀ ਫਰੰਟ' 'ਚ ਸ਼ਾਮਲ ਪਾਰਟੀਆਂ ਸੀ.ਪੀ.ਆਈ., ਆਰ. ਐਮ.ਪੀ.ਆਈ. ਤੇ ਸੀ.ਪੀ.ਆਈ. (ਐਮ.ਐਲ.) ਨਿਊ ਡੈਮੋਕਰੇਸੀ ਵਲੋਂ 'ਕਾਮਰੇਡ ਦਿਆ ਸਿੰਘ ਪ੍ਰੇਮ ਭਵਨ', ਸ਼੍ਰੀ ਮੁਕਤਸਰ ਸਾਹਿਬ ਵਿਖੇ ਜਿਲ੍ਹਾ ਪੱਧਰੀ ਨੁਮਾਇੰਦਾ ਕਨਵੈਨਸ਼ਨ ਸੱਦੀ ਗਈ। ਪ੍ਰਧਾਨਗੀ ਹਰਲਾਭ ਸਿੰਘ, ਹਰਜੀਤ ਸਿੰਘ ਮਦਰੱਸਾ ਤੇ ਨੌਨਿਹਾਲ ਸਿੰਘ ਨੇ ਕੀਤੀ। ਮੰਚ ਸੰਚਾਲਕ ਦੇ ਫਰਜ ਜਗਜੀਤ ਸਿੰਘ ਜੱਸੇਆਣਾ ਨੇ ਨਿਭਾਏ। ਸਾਥੀ ਜਗਰੂਪ ਸਿੰਘ, ਮਹੀਪਾਲ ਤੇ ਪਵਨ ਕੁਮਾਰ ਮੁੱਖ ਬੁਲਾਰੇ ਸਨ। ਬੋਹੜ ਸਿੰਘ ਸੁਖਨਾ ਤੇ ਜਸਵਿੰਦਰ ਸਿੰਘ ਵੱਟੂ ਨੇ ਵੀ ਵਿਚਾਰ ਰੱਖੇ। ਬੁਲਾਰਿਆਂ ਨੇ ਤਾਨਾਸ਼ਾਹੀ ਤਰਜ਼ ਦਾ ਧਰਮ ਅਧਾਰਤ, ਪਿਛਾਖੜੀ ਹਕੂਮਤ ਕਾਇਮ ਕਰਨ ਦੇ ਰਾਸ਼ਟਰ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੇ ਫਿਰਕੂ-ਫਾਸ਼ੀ ਏਜੰਡੇ ਤੋਂ ਦੇਸ਼ ਵਾਸੀਆਂ, ਖਾਸਕਰ ਕਿਰਤੀ ਸ਼੍ਰੇਣੀ ਨੂੰ ਚੇਤੰਨ ਤੇ ਜਥੇਬੰਦ ਕਰ ਕੇ ਤਿੱਖਾ ਤੇ ਬੱਝਵਾਂ ਘੋਲ ਵਿੱਢਣ ਦਾ ਸੱਦਾ ਦਿੱਤਾ ਹੈ।
ਉਨ੍ਹਾਂ ਹਿੰਦੂਤਵੀ ਫਰਜ਼ੀ ਰਾਸ਼ਟਰਵਾਦੀ ਖਰੂਦੀ ਟੋਲਿਆਂ ਵਲੋਂ ਫਿਰਕੂ ਵੰਡ ਤਿੱਖੀ ਕਰਨ ਲਈ ਦੇਸ਼ ਭਰ 'ਚ ਘੱਟ ਗਿਣਤੀ ਮੁਸਲਮਾਨ ਤੇ ਈਸਾਈ ਭਾਈਚਾਰਿਆਂ 'ਤੇ ਕੀਤੇ ਜਾ ਰਹੇ ਕਾਤਲ-ਾਨਾ ਹਮਲਿਆਂ ਖਿਲਾਫ਼ ਵੀ ਗਰਜ਼ਵੀਂ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ।
ਆਗੂਆਂ ਨੇ ਕਿਹਾ ਕਿ ਆਰ.ਐਸ.ਐਸ. ਦੇ ਦਲਿਤਾਂ-ਔਰਤਾਂ ਦੇ ਘੋਰ ਮਨੂੰਵਾਦੀ ਵਿਚਾਰ ਚੌਖਟੇ ਖਿਲਾਫ ਤਿੱਖਾ ਤੇ ਬੱਝਵਾਂ ਵਿਚਾਰਧਾਰਕ ਯੁੱਧ ਵਿੱਢਣਾ ਸਮੇਂ ਦੀ ਪਲੇਠੀ, ਮਹੱਤਵਪੂਰਨ ਲੋੜ ਹੈ। ਉਨ੍ਹਾਂ ਕਿਰਤੀ ਲੋਕਾਈ ਨੂੰ ਕੰਗਾਲ ਕਰਕੇ ਸਾਮਰਾਜੀ ਜਰਵਾਣਿਆਂ, ਬਹੁਕੌਮੀ ਕਾਰਪੋਰੇਸ਼ਨਾਂ ਤੇ ਕਾਰਪੋਰੇਟਾਂ ਦੀ ਲੁੱਟ ਦਾ ਨਿਜਾਮ ਸਦੀਵੀਂ ਕਾਇਮ ਰੱਖਣ ਲਈ ਘੜੀਆਂ ਗਈਆਂ ਕੇਂਦਰੀ ਦੀ ਮੋਦੀ ਸਰਕਾਰ ਤੇ ਪ੍ਰਾਂਤਕ ਸਰਕਾਰਾਂ ਵਲੋਂ ਲਾਗੂ ਕੀਤੀਆਂ ਜਾ ਰਹੀਆਂ, ਨਵ ਉਦਾਰਵਾਦੀ ਨੀਤੀਆਂ ਖਿਲਾਫ ਲੋਕ ਘੋਲ ਵੀ ਪ੍ਰਚੰਡ ਕਰਨ ਦੀ ਅਪੀਲ ਕੀਤੀ ਹੈ।
ਜਾਰੀ ਕਰਤਾ : ਜਸਵਿੰਦਰ ਸਿੰਘ ਵੱਟੂ, ਵਾਹਦ ਦੀਦਾਵਰ, ਮਜੀਯ ਚਾਵਰਾ

# ਭਾਈਆਂ ਬਾਝ ਨਾ ਮਜਲਿਸਾਂ ਸੋਹੰਦੀਆਂ ਨੇ (ਕਹਾਣੀ)

ਦਿਲਬਾਗ ਆਪਣੀ ਡਿਊਟੀ ਤੋਂ ਛੁੱਟੀ ਕਰਕੇ ਅਜੇ ਘਰ ਪੁੱਜਾ ਸੀ। ਉਸੇ ਵੇਲੇ ਉਸ ਦੇ ਫ਼ੋਨ ਦੀ ਘੰਟੀ ਵੱਜ ਉੱਠੀ। ਉਸ ਨੇ 'ਹੈਲੋ' ਕਿਹਾ। "ਚਾਚਾ ਜੀ, ਮੈਂ ਥੋਡੇ ਪਿੰਡੋਂ ਘੁੱਧਾ ਬੋਲਦਾਂ। ਆਹ ਹੁਣੇ-ਹੁਣੇ ਥੋਡੇ ਵੱਡੇ ਵੀਰ ਗੁਰਬੰਸ ਦਾ ਹੱਥ ਥਰੈਸ਼ਰ ਵਿੱਚ ਆ ਗਿਐ। ਸਾਨੂੰ ਤਾਂ ਕੁਝ ਨੀਂ ਸੁੱਝਦਾ ਕਿ ਕੀ ਕਰੀਏ? ਤੁਸੀਂ ਦੇਖੋ, ਜੇ ਕੋਈ ਹੀਲਾ ਹੋ ਸਕਦੈ?"
"ਓਹ ਹੋ! ਇਹ ਤਾਂ ਬਹੁਤ ਮਾੜਾ ਹੋਇਆ। ਤੁਸੀਂ ਚੰਗਾ ਕੀਤਾ, ਜੋ ਮੈਨੂੰ ਦੱਸ ਦਿੱਤਾ। ਮੈਂ ਹੁਣੇ ਆਇਆ। ਦਿਲਬਾਗ, ਤੇਰਾ ਬਹੁਤ-ਬਹੁਤ ਧੰਨਵਾਦ।" ਇਹ ਕਹਿ ਕੇ ਉਸ ਨੇ ਫ਼ੋਨ ਬੰਦ ਕਰ ਦਿੱਤਾ। ਉਸ ਨੇ ਉਸੇ ਵੇਲੇ ਗੱਡੀ ਪਿੰਡ ਵਾਲ਼ੀ ਸੜਕ 'ਤੇ ਪਾ ਲਈ। ਸਕਰੌਦੀ ਪਹੁੰਚ ਕੇ ਉਸ ਨੇ ਵੇਖਿਆ ਕਿ ਪਰਨੇ ਵਿੱਚ ਲਪੇਟੇ ਹੱਥ 'ਚੋਂ ਲਗਾਤਾਰ ਖ਼ੂਨ ਚੋਅ ਰਿਹਾ ਸੀ। ਉਸ ਨੇ ਤੱਟਫੱਟ ਗੱਡੀ 'ਚੋਂ ਤੌਲੀਆ ਕੱਢਿਆ। ਪਰਨੇ ਦੇ ਉੱਤੋਂ ਦੀ ਤੌਲੀਆ ਲਪੇਟਿਆ। ਉਹ ਤੁਰਤ ਹੀ ਆਪਣੇ ਵੀਰ ਨੂੰ ਸ਼ਹਿਰ ਦੇ ਨਾਮੀਂ ਹਸਪਤਾਲ ਵਿੱਚ ਲੈ ਆਇਆ।
ਹਸਪਤਾਲ ਦੀ ਸਰਜਨ ਡਾਕਟਰ ਜਯੋਤਸਨਾ ਨੇ ਦੱਸਿਆ ਕਿ ਜ਼ਖ਼ਮ ਬਹੁਤ ਗਹਿਰਾ ਹੈ। ਤੁਰੰਤ ਇਸ ਦਾ ਓਪਰੇਸ਼ਨ ਕਰਨਾ ਪਏਗਾ। ਉਹ ਬਿਨਾਂ ਕੋਈ ਦੇਰੀ ਕੀਤਿਆਂ ਮਰੀਜ਼ ਨੂੰ ਓਪਰੇਸ਼ਨ ਥੀਏਟਰ ਵਿੱਚ ਲੈ ਗਈ। ਓਪਰੇਸ਼ਨ ਥੀਏਟਰ ਦੇ ਬਾਹਰ ਬੈਠਾ ਦਿਲਬਾਗ਼ ਮੂਲ਼ ਮੰਤਰ ਦਾ ਪਾਠ ਕਰੀ ਜਾ ਰਿਹਾ ਸੀ। ਡੇਢ ਘੰਟੇ ਬਾਅਦ ਓਪਰੇਸ਼ਨ ਥੀਏਟਰ ਦਾ ਦਰਵਾਜ਼ਾ ਖੁੱਲ੍ਹਿਆ। ਜਿਉਂ ਹੀ ਡਾਕਟਰ ਜਯੋਤਸਨਾ ਬਾਹਰ ਆਈ ਤਾਂ ਉਸ ਦੀਆਂ ਅੱਖਾਂ ਵਿੱਚ ਇੱਕ ਖ਼ੁਸ਼ੀ ਭਰੀ ਚਮਕ ਸੀ। ਉਸ ਨੇ ਵੇਖਿਆ ਕਿ ਦਿਲਬਾਗ ਦੀਆਂ ਅੱਖਾਂ ਹੰਝੂਆਂ ਨਾਲ਼ ਭਰੀਆਂ ਹੋਈਆਂ ਸਨ। ਡਾਕਟਰ ਨੇ ਉਸ ਨੂੰ ਤਸੱਲੀ ਦਿੰਦਿਆਂ ਕਿਹਾ- "ਸਿੰਘ ਸਾਹਿਬ, ਓਪਰੇਸ਼ਨ ਕਾਮਯਾਬੀ ਨਾਲ਼ ਪੂਰਾ ਹੋ ਗਿਆ ਹੈ। ਤੁਸੀਂ ਚੰਗਾ ਕੀਤਾ ਕਿ ਮਰੀਜ਼ ਨੂੰ ਸਮੇਂ ਸਿਰ ਹਸਪਤਾਲ ਲੈ ਆਏ। ਮੈਂ ਸਮਝਦੀ ਹਾਂ ਕਿ ਇਨ੍ਹਾਂ ਦਾ ਹੱਥ ਪਹਿਲਾਂ ਵਾਂਗ ਹੀ ਪੂਰਾ ਕੰਮ ਕਰੇਗਾ।"
ਦਿਲਬਾਗ ਨੇ ਆਪਣੀਆਂ ਅੱਖਾਂ ਪੂੰਝੀਆਂ। ਉਸ ਨੇ ਘੱਗੀ ਅਵਾਜ਼ ਵਿੱਚ ਦੋਵੇਂ ਹੱਥ ਜੋੜਦਿਆਂ ਡਾਕਟਰ ਨੂੰ ਕਿਹਾ- "ਡਾਕਟਰ ਸਾਹਿਬਾ, ਤੁਹਾਡਾ ਬਹੁਤ-ਬਹੁਤ ਧੰਨਵਾਦ।" ਨਾਲ਼ ਹੀ ਉਸ ਨੇ ਕੁਦਰਤ ਦਾ ਵੀ ਸ਼ੁਕਰਾਨਾ ਕੀਤਾ।
ਅਗਲੇ ਦਿਨ ਸਵੇਰੇ ਪੰਜ ਵਜੇ ਮਰੀਜ਼ ਨੂੰ ਹੋਸ਼ ਆਈ। ਦਿਲਬਾਗ ਨੇ ਵੱਡੇ ਵੀਰ ਦੇ ਮੱਥੇ 'ਤੇ ਹੱਥ ਫੇਰਿਆ। ਉਸ ਦੇ ਸੱਜੇ ਹੱਥ ਨੂੰ ਆਪਣੇ ਦੋਵੇਂ ਹੱਥਾਂ ਵਿੱਚ ਲੈ ਕੇ ਘੁੱਟ ਲਿਆ। ਗੁਰਬੰਸ ਨੇ ਆਪਣੇ ਖੱਬਾ ਹੱਥ ਛੋਟੇ ਵੀਰ ਦੀ ਮੁੱਠੀ ਉੱਤੇ ਰੱਖ ਦਿੱਤਾ। ਤੇ ਬੋਲਿਆ, "ਛੋਟੇ ਵੀਰ, ਤੂੰ ਹਿੰਮਤ ਕਰਕੇ ਸਮੇਂ ਸਿਰ ਪਿੰਡ ਪਹੁੰਚ ਗਿਆ। ਤੇ ਮੈਨੂੰ ਇੱਥੇ ਹਸਪਤਾਲ ਲੈ ਆਇਆ। ਨਹੀਂ ਤਾਂ ਪਤਾ ਨੀਂ ਕੀ ਭਾਣਾ ਵਾਪਰ ਜਾਣਾ ਸੀ? ਤੇਰੇ ਇਸ ਅਹਿਸਾਨ ਦਾ ਕਰਜ਼ਾ ਮੈਂ ਸਾਰੀ ਉਮਰ ਨੀਂ ਲਾਹ ਸਕਾਂਗਾ।"
ਉਸ ਨੇ ਆਪਣੇ ਵੱਡੇ ਵੀਰ ਦੇ ਦੋਵਾਂ ਹੱਥਾਂ ਨੂੰ ਆਪਣੇ ਹੱਥਾਂ ਵਿੱਚ ਲੈ ਲਿਆ। ਤੇ ਬੋਲਿਆ- "ਵੀਰ, ਤੁਸੀਂ ਆਹ ਕਰਜ਼ੇ ਵਾਲ਼ੀ ਭਲਾਂ ਕਿਹੜੀ ਗੱਲ ਕੀਤੀ ਹੈ। ਵੀਰ ਹੀ ਵੀਰਾਂ ਦੀਆਂ ਬਾਹਵਾਂ ਹੁੰਦੇ ਨੇ। ਵੀਰ ਜੀ, ਮੈਨੂੰ ਹੁਣ ਵੀ ਆਪਣੇ ਬਚਪਨ ਦੀ ਉਹ ਘਟਨਾ ਭੁੱਲੀ ਨਹੀਂ ਹੈ। ਜਦੋਂ ਲੁਕਾਠ ਤੋੜਦਿਆਂ ਮੇਰਾ ਪੈਰ ਕੱਚ ਦੀ ਟੁੱਟੀ ਬੋਤਲ ਉੱਤੇ ਟਿਕ ਗਿਆ ਸੀ। ਬੋਤਲ ਪੂਰੀ ਤਰ੍ਹਾਂ ਪੈਰ ਵਿੱਚ ਗਡ ਗਈ ਸੀ। ਮੈਂ ਲਹੂ ਲੁਹਾਣ ਹੋ ਗਿਆ ਸੀ। ਪਰ ਤੁਸੀਂ ਆਪਣੇ ਸਿਰ ਦੇ ਪਰਨੇ ਨਾਲ਼ ਮੇਰਾ ਪੈਰ ਬੰਨ੍ਹ ਕੇ ਆਪਣੀਆਂ ਇਨ੍ਹਾਂ ਬਾਹਵਾਂ ਵਿੱਚ ਚੁੱਕ ਕੇ ਮੈਨੂੰ ਪਿੰਡ ਤੋਂ ਦੋ ਕਿਲੋਮੀਟਰ ਦੂਰ ਸਰਕਾਰੀ ਡਿਸਪੈਂਸਰੀ ਵਿੱਚ ਲੈ ਗਏ ਸੀ। ਡਾਕਟਰ ਸਾਹਿਬ ਨੇ ਮੇਰੇ ਪੈਰ ਦਾ ਜ਼ਖ਼ਮ ਸੀਅ ਕੇ ਪੱਟੀ ਬੰਨ੍ਹ ਦਿੱਤੀ ਸੀ। ਫ਼ਿਰ ਤੁਸੀਂ ਮੈਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ ਆਪਣੇ ਪਿੰਡ ਲੈ ਗਏ ਸੀ।" ਛੋਟੇ ਵੀਰ ਦੇ ਮੂੰਹੋਂ ਬਚਪਨ ਦੀ ਇੰਨੀਂ ਪੁਰਾਣੀ ਘਟਨਾ ਸੁਣ ਕੇ ਉਸ ਦੀਆਂ ਅੱਖਾਂ ਭਰ ਆਈਆਂ ਸਨ।



**ਡਾ. ਇਕਬਾਲ ਸਿੰਘ ਸਕਰੌਦੀ।**
**ਸੰਗਰੂਰ।**
**8427685020**

# ਜਦੋਂ ਦਰਜੀ ਨੂੰ ਗਾਣਾ ਗੁਣਗਣਾਉਣਾ ਮਹਿੰਗਾ ਪਿਆ

ਆਦਿ ਕਾਲ ਤੋਂ ਹੀ ਸੰਗੀਤ ਮੰਨੋਰੰਜਨ ਦਾ ਸਾਧਨ ਰਿਹਾ ਹੈ।ਸਿਰਫ ਸਮੇ ਸਮੇ ਅਨੁਸਾਰ ਸੰਗੀਤ ਦੀਆਂ ਧੁੰਨਾ ਤੇ ਸੰਗੀਤ ਦੇ ਸਾਧਣ ਬਦਲਦੇ ਆਏ ਹਨ। ਸੰਗੀਤ ਦੇ ਵੱਖ ਵੱਖ ਮੋਕਿਆਂ ਲਈ ਵੱਖ ਵੱਖ ਰੂਪ ਹਨ। ਵਿਆਹ ਦੇ ਸੰਗੀਤ ਵੇਲੇ ਸੁਹਾਗ, ਸਿਠਣੀਆਂ ਘੋੜੀ ਗਾਈ ਜਾਂਦੀ ਹੈ ਤੇ ਮੋਤ ਵੇਲੇ ਉਹ ਸੋਗਮਈ ਗੀਤਾਂ ਵਿੱਚ ਬਦਲ ਜਾਂਦੇ ਹਨ। ਵੈਣਾਂ ਦਾ ਰੂਪ ਲੈ ਲੈਂਦੇ ਹਨ। ਬੱਚੇ ਦੇ ਜਨਮ, ਕਿਸੇ ਜਿੱਤ ਅਤੇ ਹੋਰ ਸਮਾਜਿਕ ਸੰਸਕਾਰਾਂ ਵੇਲੇ ਦੇ ਗੀਤ ਅੱਡ ਅੱਡ ਹੁੰਦੇ ਹਨ।ਵਿਛੋੜੇ ਦੇ ਗੀਤ ਬਿਰਹ ਦਾ ਦਰਦ ਤੇ ਇਸਓਕ ਦੇ ਤਰਾਨੇ, ਤੇ ਟੁੱਟੇ ਦਿਲ ਦੇ ਗੀਤ ਵੀ ਹੋਰ ਹੁੰਦੇ ਹਨ। ਮੁਕਦੀ ਗੱਲ ਇਹ ਹੈ ਕਿ ਹਰ ਮੋਕੇ ਲਈ ਅਲੱਗ ਅਲੱਗ ਗੀਤ ਹਨ। ਕਈ ਵਾਰੀ ਫਿਲਮਾਂ ਨਾਟਕਾਂ ਜਾ ਹੋਰ ਮੋਕਿਆ ਤੇ ਅਜੇਹੇ ਹੀ ਢੁਕਵੇ ਗੀਤ ਗਾਏ ਜਾਂਦੇ ਹਨ।

ਅੱਜ ਕੱਲ ਤਾਂ ਮੋਬਾਇਲ ਫੋਨਾਂ ਤੇ ਵੱਖ ਵੱਖ ਗਾਣਿਆਂ ਤੇ ਧਾਰਮਿਕ ਸਬਦਾਂ ਦੀਆਂ ਰਿੰਗ ਟੋਨਾ ਲੱਗੀਆਂ ਹੰਦੀਆਂ ਹਨ। ਤੇ ਪਤਾ ਨਹੀ ਲੱਗਦਾ ਕਦੋ ਕਿਸ ਮੋਕੇ ਤੇ ਫੋਨ ਦੀ ਰਿੰਗ ਟੋਨ ਵੱਜ ਜਾਵੇ ਕਈ ਵਾਰੀ ਗੱਲ ਹਾਸੇ ਵਿੱਚ ਚ ਪੈ ਜਾਂਦੀ ਹੈ ਤੇ ਕਈ ਵਾਰੀ ਰਿੰਗ ਟੋਨ ਨਾਲ ਹਾਲਾਤ ਗੰਭੀਰ ਹੋ ਜਾਂਦੇ ਹਨ। ਗੱਲ ਰਿੰਗ ਟੋਨ ਦੀ ਹੀ ਨਹੀ ਕਈ ਵੀ ਗਾਣੇ ਦੇ ਬੋਲ ਵੀ ਬੰਦੇ ਨੂੰ ਕਸੂਤੀ ਸਥਿਤੀ ਵਿੱਚ ਫਸਾ ਦਿੰਦੇ ਹਨ।

ਗੱਲ 1973_74 ਦੀ ਹੈ। ਮੇਰੀ ਵੱਡੀ ਮਾਸੀ ਦੀ ਲੜਕੀ ਮੰਡੀ ਡੱਬਵਾਲੀ ਵਿਆਹੀ ਹੋਈ ਸੀ। ਜਵਾਈ ਸਾਹਿਬ ਥੋੜਾ ਜਿਹਾ ਅੜਬ ਸੁਭਾਅ ਦਾ ਸੀ। ਹਰ ਮੋਕੇ ਜਵਾਈਆਂ ਵਾਲੀ ਆਕੜ ਜਿਹੀ ਕਰਦਾ ਹੁੰਦਾ ਸੀ। ਤੇ ਕੁੜੀ ਨੂੰ ਪੇਕੇ ਵੀ ਘੱਟ ਹੀ ਜਾਣ ਦਿੰਦਾ ਸੀ। ਸਾਰੇ ਰਿਸਤੇਦਾਰ ਉਸ ਦੇ ਸੁੜਾਅ ਤੋਂ ਚਾਲੂ ਸਨ। ਪਰ ਉਹ ਮੇਰੇ ਪਾਪਾ ਜੀ ਦੀ ਬਹੁਤ ਕਦਰ ਕਰਦਾ ਸੀ। ਕਦਰ ਤਾਂ ਕੀ ਕਰਦਾ ਸੀ ਉਹ ਪਾਪਾ ਜੀ ਤੋ ਡਰਦਾ ਸੀ। ਉਸ ਨੂੰ ਪਤਾ ਸੀ ਕਿ ਮਾਸੜ ਜੀ ਜਿੱਥੇ ਵਾਧੂ ਨਰਮ ਹਨ ਤੇ ਗਰਮ ਵੀ ਬਹੁਤ ਹਨ ਇਹਨਾ ਕੁੱਟਣ ਲੱਗਿਆ ਨੇ ਵੀ ਬਿੰਦ ਹੀ ਲਾਉਣਾ ਹੈ। ਮੇਰੇ ਵੱਡੇ ਮਾਮੇ ਦੀ ਲੜਕੀ ਦਾ ਵਿਆਹ ਸੀ। ਸਾਰਿਆ ਨੂੰ ਬੁਲਾਇਆ ਸੀ। ਜੀਜਾ ਤੁਸੀ ਧੀ ਜਵਾਈ ਨੂੰ ਨਾਲ ਹੀ ਲਈ ਆਇਓ ਵਿਆਹ ਤੇ। ਨਹੀ ਤਾਂ ਉਹਨੇ ਨਾ ਆਪ ਆਉਣਾ ਹੈ ਤੇ ਨਾ ਕੁੜੀ ਨੂੰ



ਭੇਜਣਾ ਹੈ। ਮੇਰੀ ਮਾਸੀ ਨੇ ਮੇਰੇ ਪਾਪਾ ਜੀ ਨੂੰ ਮਿੰਨਤ ਜਿਹੀ ਕਰਕੇ ਕਿਹਾ। ਕਿਉਕਿ ਉਸ ਨੂੰ ਪਤਾ ਸੀ ਕਿ ਇਹ ਉਹਨਾ ਨੂੰ ਵਿਆਹ ਤੇ ਲੈ ਹੀ ਆਵੇਗਾ। ਪਾਪਾ ਜੀ ਨੇ ਉਸ ਜਵਾਈ ਨਾਲ ਵਿਆਹ ਜਾਣ ਦਾ ਪੋਗਰਾਮ ਬਣਾ ਲਿਆ ਤੇ ਦਿਨ ਸਮਾਂ ਨਿਸਚਤ ਕਰ ਲਿਆ। ਮਿਥੇ ਦਿਨ ਅਸੀ ਸਾਰਾ ਟੱਬਰ ਤਿਆਰ ਹੋਕੇ ਉਸਦੀ ਦੁਕਾਨ ਤੇ ਉਹਨਾ ਨੂੰ ਲੈਣ ਚਲੇ ਗਏ। ਉਸਦੀ ਸਬਜੀ ਮੰਡੀ ਲਾਗੇ ਕਪੜੇ ਦੀ ਦੁਕਾਨ ਸੀ। ਜਦੋ ਅਸੀ ਗਏ ਤਾਂ ਉਹ ਆਰਾਮ ਨਾਲ ਬੈਠਾ ਸੀ।ਪਾਪਾ ਜੀ ਨੇ ਜਦੋ ਵਿਆਹ ਤੇ ਜਾਣ ਦੀ ਗੱਲ ਕੀਤੀ ਤਾਂ ਉਹ ਉਸ ਗੱਲ ਤੇ ਹੀ ਨਾ ਆਇਆ ਤੇ ਹੋਰ ਹੀ ਇਧਰ ਉਧਰ ਦੀਆਂ ਗੱਲਾਂ ਕਰਦਾ ਰਿਹਾ। ਮਾਸੜ ਜੀ ਚਾਹ ਪੀ ਲਵੋ। ' ਉਏ ਬੱਚਿਆਂ ਲਈ ਕੇਲੇ ਹੀ ਫੜ੍ ਲਿਆ।ਪਰ ਵਿਆਹ ਤੇ ਜਾਣ ਦੇ ਨਾਮ ਤੇ ਨਾ ਉਸਨੇ ਨਾ ਹਾਂ ਕਰੀ ਤੇ ਨਾ ਹੀ ਚੱਜ ਨਾਲ ਨਾ ਕੀਤੀ। ਪਾਪਾ ਜੀ ਬੜੀ ਨਰਮੀ ਨਾਲ ਉਸ ਨੂੰ ਸਮਝਾਉਦੇ ਰਹੇ। ਪਰ ਉਹ ਨਾ ਤਿਆਰ ਹੋਇਆ। ਪਾਪਾ ਜੀ ਨੇ ਉਸ ਦੀਆਂ ਕਾਫੀ ਮਿਨਤਾ ਕੀਤੀਆਂ ਤੇ ਕਿਹਾ ਤੈਨੂੰ ਲੈਕੇ ਜਾਣਾ ਮੇਰੀ ਇੱਜਤ ਤੇ ਆਪਣੇ ਪਿਆਰ ਦਾ ਸਵਾਲ ਹੈ। ਜਿਸਤੋ ਕਹੇਗਾ ਤੇਰੀ ਮਿਨਤ ਕਰਵਾ ਦੇਵਾਂਗਾ। ਤੂੰ ਵਿਆਹ ਤੇ ਜਰੂਰ ਚੱਲ। ਪਰ ਉਹ ਕੋ ਨਾ ਮਾਨੂੰ ਤੇ ਅੜਿਆ ਰਿਹਾ।

ਅੜੀ ਵੇ ਅੜੀ , ਲੱਗੀ ਸਾਉਣ ਦੀ ਝੜੀ, ਦੁੱਧ ਪੀ ਲੈ ਬਾਲਮਾਂ ਵੇ ਮੈ ਕਦੋ ਦੀ ਖੜੀ।ਅਚਾਨਕ ਹੀ ਦੁਕਾਨ ਮੂਹਰੇ ਬੈਠਾ ਦਰਜੀ ਇਹ ਗਾਣਾ ਗੁਣਗਣਾਉਣ ਲੱਗ ਪਿਆ। ਜਦੋ ਪਾਪਾ ਜੀ ਨੇ ਇਹ ਗਾਣੇ ਦੇ ਬੋਲ ਸੁਣੇ ਤਾਂ ਉਹਨਾਂ ਦਾ ਗੁੱਸਾ ਸੱਤਵੇ ਆਸਮਾਨ ਤੇ ਪੰਹੁਚ ਗਿਆ। ਉਹਨਾ ਨੂੰ ਲੱਗਿਆ ਇਹ ਦਰਜੀ ਉਹਨਾ ਦਾ ਮਜਾਕ ਉਡਾ ਰਿਹਾ ਹੈ। ਖੜ੍ ਜਾ ਕੇਰਾਂ ਤੈਨੂੰ ਮੈ ਪਿਆਉਂਦਾ ਹਾਂ ਦੁੱਧ। ਇਹ ਤਾਂ ਜਵਾਈ ਭਾਈ ਹੈ ਇਸ ਨਾਲ ਤਾਂ ਮੈ ਬਾਦ ਵਿੱਚ ਸੁਲਟੂ। ਕਹਿਕੇ ਪਾਪਾ ਜੀ ਨੇ ਉਸ ਦਰਜੀ ਦੇ ਤਿੰਨ ਚਾਰ ਜੜ੍ ਦਿੱਤੀਆਂ। ਦਰਜੀ ਨੂੰ ਇਸ ਦੀ ਭੋਰਾ ਉਮੀਦ ਨਹੀ ਸੀ। ਉਹ ਰੋਲਾ ਪਾਉਦਾ ਪਾਉਂਦਾ ਦੁਕਾਨ ਚੋ ਭੱਜ ਗਿਆ। ਉਸ ਨੂੰ ਵੇਖ ਕੇ ਸਾਡੇ ਜਵਾਈ ਸ੍ਰੀ ਨੂੰ ਲੱਗਿਆ ਕਿ ਮਾਸੜ ਜੀ ਅਗਲਾ ਨੰਬਰ ਉਸ ਦਾ ਵੀ ਲਾ ਸਕਦੇ ਹਨ। ਤੇ ਨਾਲ ਦੀ ਨਾਲ ਹੀ ਉਸਦੀ ਬੋਲੀ ਬਦਲ ਗਈ। ਉਸਨੇ ਝੱਟ ਘਰੇ ਸੁਨੇਹਾ ਭੇਜ ਕੇ ਬੱਚਿਆ ਤੇ ਸਾਡੀ ਭੈਣ ਨੂੰ ਤਿਆਰ ਕਰ ਲਿਆ ਤੇ ਦੁਕਾਨ ਤੇ ਆਪਣੇ ਭਰਾ ਨੂੰ ਬਿਠਾਕੇ ਸਾਡੇ ਨਾਲ ਵਿਆਹ ਤੇ ਚਲਾ ਗਿਆ। ਉਹ ਸਾਡੇ ਨਾਲ ਤਿੰਨ ਚਾਰ ਦਿਨ ਵਿਆਹ ਵਿੱਚ ਰਿਹਾ ਤੇ ਭੋਰਾ ਵੀ ਨਹੀ ਕੁਸਕਿਆ । ਸਾਰੇ ਰਿਸਤੇਦਾਰ ਉਸ ਦੇ ਬਦਲੇ ਹੋਵੇ ਵਿਹਾਰ ਤੋਂ ਹੈਰਾਨ ਸਨ। ਹੁਣ ਵੀ ਜਦੋ ਕਦੇ ਅੜੀ ਵੇ ਅੜੀ ਵਾਲਾ ਗਾਣਾ ਸੁਣਦਾ ਹਾਂ ਤਾਂ ਮੈਨੂੰ ਉਹ ਦਰਜੀ ਤੇ ਸਾਡੀ ਮਾਸੀ ਦਾ ਜਵਾਈ ਯਾਦ ਆ ਜਾਂਦੇ ਹਨ।



**ਰਮੇਸ ਸੇਠੀ ਬਾਦਲ**
**ਮੋ 98 766 27 233**

# ਬੱਚੇ ਦਾ ਪੱਜ ਤੇ ਜ਼ਨਾਨੀ ਦਾ ਰੱਜ

ਭਗਵੰਤ ਮਾਨ ਜੀ ਗੁੱਸਾ ਨਾ ਕਰਿਓ ਲੋਕ ਜੋ ਤੁਹਾਡੀ ਸਰਕਾਰ ਬਾਰੇ ਕਹਿੰਦੇ ਹਨ ਕਿ "ਬੱਚੇ ਦਾ ਪੱਜ ਤੇ ਜਨਾਨੀ ਦਾ ਰੱਜ," ਵਾਲੀ ਕਥਾ ਵਾਂਗੂੰ ਕੇਜਰੀਵਾਲ ਨੇ ਤੁਹਾਡਾ ਤੇ ਤੁਹਾਡੀ ਸਰਕਾਰ ਦਾ ਹਾਲ ਕਰ ਦਿੱਤਾ ਹੈ। ਦੋਹੀ ਹੱਥੀ ਲੱਡੂ ਫੜੀ, ਕੇਜਰੀਵਾਲ ਗਰੁੱਪ ਤੁਹਾਡੀ ਆੜ ਵਿੱਚ ਸਰਕਾਰ ਦਾ ਸਾਰਾ ਖਜ਼ਾਨਾ ਲੁੱਟ ਕੇ, ਆਪਣੇ ਬੋਝੇ ਭਰ ਕੇ, "ਅਲੀ ਬਾਬਾ ਚਾਲੀ ਚੋਰ" ਵਾਲੀ ਹਾਲਤ ਬਣਾ ਦਿੱਤੀ ਹੈ। ਪੰਜਾਬ ਸਰਕਾਰ ਦੀ ਵਾਗਡੋਰ, ਪੰਜਾਬੀਆਂ ਦੇ ਹੱਥ ਹੋਣੀ ਚਾਹੀਦੀ ਹੈ, ਬੇਗਾਨੀ ਸ਼ਹਿ ਤੇ ਮੁੱਛਾਂ ਨਾ ਕਟਵਾਓ ! ਇਹ ਮੰਗ ਸਾਰੇ ਗਰੁੱਪਾਂ ਵੱਲੋਂ ਬਹੁਤ ਚਿਰ ਪਹਿਲਾਂ ਦੀ ਉਗਮ ਰਹੀ ਹੈ। ਭਾਵੇਂ ਕੇਜਰੀਵਾਲ ਬਹੁਤ ਸਿਆਣਾ ਹੈ ਪਰ ਸੰਭਲੋ ! ਦਿੱਲੀ ਵਿੱਚ ਤਾਂ ਸਵਾਹ ਨਹੀਂ ਉੱਡੀ। ਅਜੇ ਵੀ ਇਨ੍ਹਾਂ ਨੂੰ ਆਪਣੇ ਜੱਦੀ ਸੂਬੇ ਵਿੱਚ ਯੂ ਟਰਨ ਕਰਵਾਓ, ਫਿਰ ਪਤਾ ਲੱਗੂ, "ਭੰਗ ਕੀ ਭਾਅ ਵਿਕਦੀ ਹੈ"? ਤੁਹਾਨੂੰ ਬਹੁਤ ਵਧੀਆ ਸਲਾਹਕਾਰ, ਪੰਜਾਬ ਦੇ ਪੁਰਾਣੇ ਰਿਟਾਇਰਡ ਪ੍ਰਸ਼ਾਸਕ,ਵਿਧਾਨ ਸਭਾ ਦੇ ਐਮਐਲਏ ਤੇ ਵਜ਼ੀਰ ਮਿਲੇ ਹਨ,ਕੰਮ ਤੁਸੀਂ ਬਹੁਤ ਵਧੀਆ ਕਰ ਰਹੇ ਹੋ, ਨਿਸ਼ਚਿੰਤ ਹੋ ਕੇ ਸਰਕਾਰ ਚਲਾਓ!

ਸਾਰੀ ਦੁਨੀਆ ਉਤੇ ਭੁੱਖ ਨੰਗ ਤੇ ਬੂਹਾ ਤੰਗ ਵਾਲੀ ਹਾਲਤ ਬਣੀ ਹੋਈ ਹੈ, ਜਿਹੜੀ ਲੋਕਾਂ ਨੇ ਬਨਾਵਟੀ ਬਣਾਈ ਹੋਈ ਹੈ। ਰੱਜੇ ਪੁੱਜੇ ਲੋਕ ਵੀ ਆਪਣੇ ਆਪ ਨੂੰ ਭਿਖਾਰੀ ਬਣ ਕੇ ਦੂਸਰਿਆਂ ਦੇ ਹੱਕ ਖੋਹਕੇ ਖਾਣਾ ਚਾਹੁੰਦੇ ਹਨ। ਉਨ੍ਹਾਂ ਤੇ ਨਕੇਲ ਕਸਣ ਦੀ ਜਰੂਰਤ ਹੈ। ਸਮਾਜ ਦੀ ਬਹੁਗਿਣਤੀ ਤੁਹਾਡੀ ਕਦਰਦਾਨ ਹੈ। ਵਾਕਿਆ ਹੀ ਤੁਸੀਂ ਪੰਜਾਬ ਨੂੰ ਰੋਲ ਮਾਡਲ ਬਣਾਉਣ ਵਿੱਚ ਕਾਮਯਾਬ ਹੋ ਜਾਓਗੇ। ਝੂਠੀਆਂ ਪਾਰਟੀਆਂ ਤੋਂ ਬਿਲਕੁਲ ਘਬਰਾਓ ਨਾ। ਆਪਣੇ ਸਮੇਂ ਵਿੱਚ ਜਿਹੜੀ ਲੁੱਟ ਇਨ੍ਹਾਂ ਪਾਈ ਸੀ, ਲੋਕਾਂ ਨੂੰ ਨਹੀਂ ਭੁੱਲਦੀ। ਸੱਚੇ ਦਿਲੋਂ ਇਮਾਨਦਾਰੀ ਨਾਲ ਕੀਤੇ ਕੰਮਾਂ ਦੀ ਦਾਦ ਪਰਮਾਤਮਾ ਵੀ ਦਿੰਦਾ ਹੈ।



ਮੋਦੀ ਸਰਕਾਰ ਭਾਵੇਂ ਤਹਿ ਦਿਲੋਂ ਇਮਾਨਦਾਰੀ ਨਾਲ ਚੱਲ ਰਹੀ ਹੈ, ਪਰ ਕਈ ਵਾਰ ਦੂਸਰੀਆਂ ਸਟੇਟਾਂ ਵਿੱਚ, ਜਿੱਥੇ ਵਿਰੋਧੀ ਧਿਰਾਂ ਰਾਜ ਕਰ ਰਹੀਆਂ ਹਨ, ਪੂਰੀ ਕੋਸ਼ਿਸ਼ ਹੁੰਦੀ ਹੈ ਕਿ ਰਾਜ ਕਰ ਰਹੀ, ਪਾਰਟੀ ਨੂੰ ਬੌਂਦਲਾ ਕੇ, ਰਾਜ ਪਲਟਾ ਕਰਕੇ, ਆਪਣੀ ਪਾਰਟੀ ਦੀ ਸਰਕਾਰ ਬਣਾਈ ਜਾਵੇ। ਆਖਰ ਨੂੰ ਸੱਚ ਹੀ ਜਿੱਤੇਗਾ। ਪੂਰੀ ਦੁਨੀਆ ਦੇ ਨਕਸ਼ੇ ਤੇ ਦੇਖੀਏ, ਟਰੰਪ ਸ਼ਕਤੀ ਦਾ ਧਰੁਵੀਕਰਨ ਕਰਕੇ, ਸਿਕੰਦਰ ਵਾਂਗੂੰ ਆਪਣਾ ਸਿੱਕਾ ਮਨਵਾਉਣਾ ਚਾਹੁੰਦਾ ਹੈ। ਕਈ ਵਾਰ ਉਸਨੂੰ ਲੱਗਦਾ ਹੈ, ਮੈਂ ਸਾਰੀ ਦੁਨੀਆ ਨੂੰ ਆਪਣੇ ਪਰਾਂ ਥੱਲੇ ਲੈ ਲਵਾਂਗਾ। ਅਗਲੇ ਦੇ ਹੀ ਦਿਨ ਉਸ ਦਾ ਸੁਪਨਾ ਟੁੱਟ ਜਾਂਦਾ ਹੈ, ਜਦੋਂ ਸਾਰੇ ਖਿਡਾਰੀ ਪਾਲੇ ਦੇ ਦੂਸਰੇ ਪਾਰ ਖੜੇ ਹੋ ਜਾਂਦੇ ਹਨ, ਫਿਰ ਬੁੱਲ ਸਿੱਟ ਕੇ ਬੈਠ ਜਾਂਦਾ ਹੈ। ਭਾਰਤ ਦੇ ਆਲੇ ਦੁਆਲੇ ਦੇ ਸਾਰੇ ਦੇਸ਼ ਅਮਰੀਕਾ ਵਿਰੋਧੀ ਹਨ ਇਜ਼ਰਾਈਲ ਤੇ ਪਾਕਿਸਤਾਨ ਨੂੰ ਸ਼ਹਿ ਦੇ ਕੇ ਭਾਰਤ ਦੇ ਵਿਰੁੱਧ ਖੜਾ ਕਰਨ ਵਿੱਚ, ਰੋਜ਼ ਹੀ ਗੋਂਦਾ ਗੁੰਦਦਾ ਰਹਿੰਦਾ ਹੈ। ਪਾਕਿਸਤਾਨ ਦਾ ਫੌਜੀ ਸ਼ਾਸਕ ਆਏ ਦਿਨ, ਅਮਰੀਕਾ ਦੀ ਚਾਪਲੂਸੀ ਕਰਕੇ, ਭਾਰਤ ਨੂੰ ਡਰਾਬੇ ਦਿੰਦਾ ਰਹਿੰਦਾ ਹੈ। ਟਰੰਪ ਵੀ ਭਾਰਤ ਨੂੰ ਰੂਸ ਅਤੇ ਚੀਨ ਨਾਲ ਸੰਬੰਧ ਬਣਾਉਣ ਤੋਂ ਧਮਕੀਆਂ ਦਿੰਦਾ ਰਹਿੰਦਾ ਹੈ। ਇਹਨਾਂ ਦੀਆਂ ਮੋਮੋ ਠਗਣੀਆਂ ਕਿਸੇ ਕੰਮ ਨਹੀਂ ਆਉਣੀਆਂ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ ਚੰਡੀਗੜ੍ਹ। ਫੋਨ ਨੰਬਰ : 9878469639**

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ਮਾਨਸਿਕ ਤਣਾਅ, ਥਕਾਵਟ, ਉਣੀਂਦਾ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ਮਰਦਾਨਾ ਤਾਕਤ ਦਾ ... ਨੁਸਖਾ- -------- 1 ਮਹੀਨੇ ਦੀ ਕੀਮਤ £35
2) ... -------- 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... -------- 1 ਮਹੀਨੇ ਦੀ ਕੀਮਤ £35
5) ... -------- 1 ਮਹੀਨੇ ਦੀ ਕੀਮਤ £35
6) ... -------- 1 ਮਹੀਨੇ ਦੀ ਕੀਮਤ £30
7) ... -------- 1 ਮਹੀਨੇ ਦੀ ਕੀਮਤ £25
8) ... -------- 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE)

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutits), (Sterility), (Miscarriage), (Diseases of Post Partum), (Menopause Disorders)

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA. (HOM.), (A.P.) AND (NUTRI.)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

INFORMATION ... 1 ਮਹੀਨੇ ਦੀ ਕੀਮਤ:

ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... £89
ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES): ... (FLABBY & OUT OF SHAPE BELLY) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... (VAGINAL LUBRICATION GEL / MAGIC) £49
ਨੁਸਖਾ ਨੰਬਰ 7 (IN CAPSULES): ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES): ... £59
ਨੁਸਖਾ ਨੰਬਰ 9 (IN CAPSULES): ... £59
ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP ... £59
ਨੁਸਖਾ ਨੰਬਰ 11 (IN TABLETS): ... (ANAEMIA) ... £49

### ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
ਨੁਸਖਾ ਨੰਬਰ 13 (IN VIALS): ... £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsilits), ... (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | |
|---|---|
| PILAES (IN OINTMENT) ... | £19 |
| NURALACO (IN OINTMENT OR LOTION) ... | £19 |
| CHILLAGA (IN OINTMENT OR LOTION) ... | £19 |
| ARNSTRA (IN OINTMENT) ... (BED SORES) ... | £19 |
| BELINFLA (IN OIL OR OINTMENT) ... | £19 |
| BELULCE (IN OIL) ... ULCERS ... | £19 |
| BRYJOIN (IN OIL) ... | £19 |
| CALWOUN (IN OIL OR OINTMENT) ... | £19 |
| BURCAN (IN LOTION OR OINTMENT) ... | £19 |
| ROUTUM (IN OINTMENT) ... | £19 |
| JOINRHU (IN OIL) ... | £19 |
| ABSSIL (IN LOTION) ... | £19 |
| ITCSUL (IN OIL) ... | £19 |
| WARTHU (IN OIL) ... (WARTS) ... | £19 |

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਐਬਸਫੋਰਡ ਦੇ ਪਹਾੜਾਂ ਦੀ ਗੋਦ ਚ ਧੂਮ ਧੜੱਕੇ ਨਾਲ ਕਰਵਾਇਆ 'ਮੇਲਾ ਵਿਰਸੇ ਦਾ' ਸੰਪਨ

**● ਪੁਰਾਤਨ ਵਸਤਾਂ ਨਾਲ 'ਸੈਲਫੀਆਂ' ਲੈਣ ਚ ਮਸ਼ਰੂਫ਼ ਰਹੀਆਂ ਬਹੁਤ ਗਿਣਤੀ ਮੁਟਿਆਰਾਂ ● ਕਈ ਘੰਟਿਆਂ ਤੱਕ ਸਿਰਜਿਆ ਰਿਹਾ ਰੌਣਕਮਈ ਮਾਹੌਲ**



**ਵੈਨਕੂਵਰ, ਅਗਸਤ (ਮਲਕੀਤ ਸਿੰਘ)–** ਪੰਜਾਬ ਦੇ ਪੁਰਾਤਨ ਵਿਰਸੇ ਨੂੰ ਵਿਦੇਸ਼ਾਂ ਚ ਪ੍ਰਫੁੱਲਤ ਰੱਖਣ ਲਈ ਯਤਨਸ਼ੀਲ 'ਵਿਰਸਾ ਫਾਊਂਡੇਸ਼ਨ' ਵੱਲੋਂ ਪੰਜਾਬੀ ਭਾਈਚਾਰੇ ਦੇ ਸਾਂਝੇ ਉੱਦਮ ਸਦਕਾ ਨੌਵਾਂ ਸਲਾਨਾ 'ਮੇਲਾ ਵਿਰਸੇ ਦਾ' ਅੱਜ ਸ਼ਾਮੀ ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਸੰਪੰਨ ਹੋ ਗਿਆ ਪੰਜਾਬੀਆਂ ਦੀ ਸੰਘਣੀ ਆਬਾਦੀ ਵਾਲੇ ਐਬਸਫੋਰਡ ਸ਼ਹਿਰ ਦੇ ਬਾਹਰਵਾਰ ਕੁਦਰਤੀ ਸੁਹਪਣ ਨਾਲ ਭਰਪੂਰ ਰਮਣੀਕ ਪਹਾੜਾਂ ਦੀ ਗੋਦ ਚ ਮੌਜੂਦ ਹਰਿਆਵਲੇ ਖੇਤਾਂ ਚ ਮਨਾਏ ਇਸ ਮੇਲੇ ਚ ਵੱਡੀ ਗਿਣਤੀ ਚ ਪੁੱਜੀਆਂ ਔਰਤਾਂ ਵੱਲੋਂ ਜਿੱਥੇ ਕਿ ਮੇਲੇ ਚ ਪੁੱਜੇ ਵੱਖ-ਵੱਖ ਗਾਇਕਾਂ, ਗਾਇਕਾਂਵਾਂ ਅਤੇ ਹੋਰਨਾਂ ਕਲਾਕਾਰਾਂ ਦੀਆਂ ਸੱਭਿਆਚਾਰਕ ਵੰਨਗੀਆਂ ਦਾ ਆਨੰਦ ਮਾਣਿਆ ਗਿਆ ਉੱਥੇ ਉਹਨਾਂ ਨੂੰ ਪੰਜਾਬ ਦੇ ਪੁਰਾਤਨ ਵਿਰਸੇ ਨਾਲ ਜੁੜੀਆਂ ਅਤੇ ਹੁਣ ਅਲੋਪ ਹੋ ਰਹੀਆਂ ਚੀਜ਼ਾਂ ਨੂੰ ਅੱਖੀ ਵੇਖਣ ਦਾ ਮੌਕਾ ਵੀ ਮਿਲਿਆ੍ਙ ਦੁਪਹਿਰ 1 ਵਜੇ ਤੋਂ ਸ਼ਾਮੀ 6 ਵਜੇ ਤੱਕ ਨਿਰੰਤਰ ਚੱਲੇ ਇਸ ਮੇਲੇ ਦੀ ਆਰੰਭਤਾ ਦਸ਼ਮੇਸ਼ ਸਕੂਲ ਦੇ ਬੱਚਿਆਂ ਵੱਲੋਂ ਧਾਰਮਿਕ ਸ਼ਬਦ ਗਾ ਕੇ ਕੀਤੀ ਗਈ ਉਪਰੰਤ ਇਸ ਸਕੂਲ ਦੀ ਬੱਚੀ ਜਪਜੀ ਵੱਲੋਂ 'ਮਾਂ ਬੋਲੀ ਮੇਰੀ ਪੰਜਾਬੀ' ਕਵਿਤਾ ਸੁਣਾ ਕੇ ਸਰੋਤਿਆਂ ਦੀ ਵਾਹ ਵਾਹ ਖੱਟੀ ਗਈ੍ਙ ਇਸ ਮਗਰੋਂ ਪੰਜਾਬੀ ਮੁਟਿਆਰ ਗੁਰਦੇਵ ਕੌਰ ਵੱਲੋਂ ਪੰਜਾਬ ਦੇ ਪੁਰਾਤਨ ਲੋਕ ਸਾਜ 'ਅਲਗੋਜੇ' ਅਤੇ 'ਵੰਜਲੀ' ਦੀ ਪੇਸ ਕੀਤੀ ਸੁਰੀਲੀ ਆਵਾਜ਼ ਹਾਜ਼ਰ ਸਰੋਤਿਆਂ ਦੀ ਰੂਹ ਨੂੰ ਧੁਰ ਤੱਕ ਮੰਤਰ ਮੁਗਧ ਕਰਦੀ ਮਹਿਸੂਸ ਹੋਈ੍ਙ ਇਸ ਉਪਰੰਤ ਮੇਲੇ ਦਾ ਰੰਗਾਰੰਗ ਮਾਹੌਲ ਜਾਰੀ ਰੱਖਦਿਆਂ ਨੌਜਵਾਨ ਗਾਇਕਾ ਸੁਰਲੀਨਾ ਅਤੇ ਉਸਦੀਆਂ ਸਾਥਣਾ ਵੱਲੋਂ ਪੁਰਾਤਨ ਗੀਤ ' ਚੰਨ ਵੇ ਕਿ ਸ਼ੌਂਕਣ ਮੇਲੇ ਦੀ' ਅਤੇ 'ਗਲੀ ਗਲੀ ਵਣਜਾਰਾ ਫਿਰਦਾ' ਪੇਸ਼ ਕਰਕੇ ਪੰਜਾਬ ਦੇ ਪੁਰਾਤਨ ਸੰਗੀਤਕ ਮਾਹੌਲ ਨੂੰ ਤਾਜ਼ਾ ਕਰਵਾ ਦਿੱਤਾ ਗਿਆ੍ਙ ਇਸ ਮਗਰੋਂ ਕੈਸ਼ ਅਤੇ ਪੈਨ ਚਾਹਲ, ਸ਼ਾਂਤੀ ਥੰਮਣ ਅਤੇ ਮਨਜੀਤ ਉੱਪਲ, ਜਸ ਗਰੇਵਾਲ ਅਤੇ ਰਜਿੰਦਰ ਕੌਰ ਦੀਆਂ ਜੋੜੀਆਂ ਵੱਲੋਂ ਪੁਰਾਤਨ ਗੀਤਾਂ ਤੇ ਕੀਤੀ ਗਈ ਪੇਸ਼ਕਾਰੀ ਬਾ ਕਮਾਲ ਸੀ੍ਙ ਆਰ ਹੱਦ ਡਾਂਸ ਅਕੈਡਮੀ ਦੀਆਂ ਮੁਟਿਆਰਾਂ ਵੱਲੋਂ ਪੇਸ਼ ਕੀਤੇ ਗਏ ਗਿੱਧੇ ਅਤੇ ਅਨਮੋਲ ਰਤਨ ਦੀ ਅਤੇ ਉੱਘੀ ਗਾਇਕਾ ਦੀਪ ਕੌਰ ਵੱਲੋਂ ਵੀ ਆਪਣੇ ਸੁਰੀਲੀਆ ਆਵਾਜ਼ਾਂ ਨਾਲ ਪੜਾਵਾਰ ਹਾਜਰੀ ਲਗਾਈ ਗਈ੍ਙ ਅਖੀਰ ਚ ਪੰਜਾਬ ਦੀ ਪ੍ਰਸਿੱਧ ਲੋਕ



ਟੀਮ ਵੱਲੋਂ ਪੇਸ਼ ਕੀਤੇ ਭੰਗੜੇ ਦੀ ਤਾਲ ਤੇ ਉੱਥੇ ਹਾਜ਼ਰ ਮੁਟਿਆਰਾਂ ਅਤੇ ਔਰਤਾਂ ਦੇ ਪੈਰ ਥਿਰਕਦੇ ਨਜ਼ਰੀਂ ਗਾਇਕਾ ਕਮਲਜੀਤ ਨੀਰੂ ਵੱਲੋਂ ਆਪਣੇ ਹੋਰਨਾਂ ਗੀਤਾਂ ਤੋਂ ਇਲਾਵਾ ਚਰਚਿਤ ਗੀਤ 'ਰੂੜਾ ਮੰਡੀ ਜਾਵੇ' ਅਤੇ



ਆਏ੍ਙ ਮੇਲੇ ਦੌਰਾਨ ਉਭਰਦੇ ਗਾਇਕ ਸਿਮਰ ਦਿਓਲ ,ਏਕ ਨੂਰ ਧਾਲੀਵਾਲ, 'ਸੀਟੀ ਤੇ ਸੀਟੀ ਵੱਜੇ' ਪੇਸ਼ ਕੀਤਾ ਗਿਆ ਤਾਂ ਮੇਲੇ ਚ ਮੌਜੂਦ ਸੈਂਕੜੇ



ਮੁਟਿਆਰਾਂ ਸਟੇਜ ਮੂਹਰੇ ਆਪ ਮੁਹਾਰੇ ਨੱਚਦੀਆਂ ਨਜ਼ਰੀ ਆਈਆਂ੍ਙ ਮੇਲੇ ਦੌਰਾਨ ਪ੍ਰਬੰਧਕਾਂ ਵੱਲੋਂ ਪੁਰਾਤਨ ਦਿੱਖ ਪੇਸ਼ ਕਰਨ ਲਈ ਬੜੀ ਹੀ ਸਿਆਣਪ ਨਾਲ ਪੰਜਾਬੀ ਸੱਭਿਆਚਾਰ ਨਾਲ ਜੁੜੀਆਂ ਪੁਰਾਤਨ ਵਸਤਾਂ ਚਰਖਾ, ਖੂਹ ,ਰਿਕਸ਼ਾ ,ਪੁਰਾਣਾ ਚੁਲਾ ਚੌਂਕਾ, ਪੀਂਘ,ਪੁਰਾਤਨ ਬਰਤਨ ,ਚਾਟੀ ਮਧਾਣੀ, ਸੰਦੂਕ ਲਲਾਰੀ ਦੀ ਦੁਕਾਨ, ਮਛਰਦਾਨੀ,ਭੰਗੂੜਾ ਆਦਿ ਨੂੰ ਬੜੇ ਯੋਜਨਾਬਧ ਤਰੀਕੇ ਨਾਲ ਸਜਾਇਆ ਗਿਆ ਸੀ। ਜਿਸ ਨਾਲ ਮੇਲੇ ਚ ਮੌਜੂਦ ਬਹੁਗਿਣਤੀ ਮੁਟਿਆਰਾਂ



'ਸੈਲਫੀਆਂ'ਲੈਣ ਚ ਮਸ਼ਰੂਫ ਨਜ਼ਰੀ ਆਈਆਂ। ਇਸ ਮੇਲੇ ਤੇ ਇੱਕ ਕੋਨੇ ਚ ਆਰਜੀ ਤੌਰ ਤੇ ਬਣਾਏ ਬਾਜ਼ਾਰ ਵਿੱਚੋਂ ਜਿੱਥੇ ਕੇ ਮੇਲੇ ਚ ਆਈਆਂ ਮੁਟਿਆਰਾਂ ਵੱਲੋਂ ਖੂਬ ਖਰੀਦਦਾਰੀ ਕੀਤੀ ਗਈ ਉੱਥੇ ਇੱਕ ਕੋਨੇ ਚ ਨਿਊ ਐਬੀ ਕੁਜੀਨ ਦੀ ਟੀਮ ਵੱਲੋਂ ਪਰੋਸੇ ਗਏ ਸਵਾਦਲੇ ਭੋਜਨ ਦਾ ਵੀ ਸਾਰਿਆਂ ਨੇ ਆਨੰਦ ਮਾਣਿਆ੍ਙ ਇਸ ਮੇਲੇ ਚ ਪੁੱਜੀਆਂ ਪ੍ਰਮੁੱਖ ਹਸਤੀਆਂ ਚ ਨੌਜਵਾਨ ਸਾਂਸਦ ਸੁਖਮਨ ਗਿੱਲ, ਬਲਵਿੰਦਰ ਕੌਰ ਬਰਾੜ , ਬਚਿੰਤ ਕੌਰ ਬਰਾੜ,ਲਿਸਬਰਨ ਮੈਨ ,ਲੰਡਾ ਐਨਸ, ਤ੍ਰਿਪਤ ਅਟਵਾਲ, ਦੇਵ ਸਿੱਧੂ ,ਜੈਸ ਗਿੱਲ ,ਸਮਾਜ ਸੇਵੀ ਨੌਜਵਾਨ ਅਰਸ਼ ਕਲੇਰ, ਉੱਘੇ ਟੀਵੀ ਹੋਸਟ ਕੁਲਦੀਪ ਸਿੰਘ ,ਪ੍ਰਭਜੋਤ ਕੌਰ ,ਗੁਰਮੀਤ ਬੈਨੀਪਾਲ, ਭੰਗੜਾ ਕੋਚ ਜਸਵੀਰ ਸਿੰਘ ,ਮਨਜੀਤ ਥਿੰਦ ,ਦਵਿੰਦਰ ਬਚਰਾ ,ਹਰਨੀਤ, ਮੋਹਨ ਬਚਰਾ, ਜਤਿੰਦਰ ,ਅਤੇ ਸੁਖੀ ਆਦਿ ਦੇ ਨਾਮ ਜ਼ਿਕਰਯੋਗ ਹਨ੍ਙ ਮੰਚ ਸੰਚਾਲਨ ਦੀ ਜਿੰਮੇਵਾਰੀ ਬਲਜਿੰਦਰ ਗਿੱਲ ਅਤੇ ਹਰਸ਼ਰਨ ਧਾਲੀਵਾਲ ਵੱਲੋਂ ਸਾਂਝੇ ਤੌਰ ਤੇ ਬਾਖੂਬੀ ਨਿਭਾਈ ਗਈ। ਅਖੀਰ ਚ ਉਕਤ ਫਾਊਡੇਸ਼ਨ ਦੀ ਪ੍ਰਧਾਨ ਧਰਮਵੀਰ ਧਾਲੀਵਾਲ ਅਤੇ ਉਹਨਾਂ ਦੀ ਸਮੁੱਚੀ ਟੀਮ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ੍ਙ

ਮੇਲੇ ਦੀਆਂ ਵੱਖ ਵੱਖ ਝਲਕੀਆਂ













# ਬੌਧ ਗਯਾ ਮੁਕਤੀ ਅੰਦੋਲਨ ਤਹਿਤ ਬੁੱਧ ਵਿਹਾਰ ਸਿਧਾਰਥ ਨਗਰ ਤੋਂ ਮਿਸ਼ਾਲ ਮਾਰਚ ਕੱਢਿਆ ਗਿਆ

**● ਬੌਧ ਗਯਾ ਮੁਕਤੀ ਅੰਦੋਲਨ ਤਹਿਤ ਬੁੱਧ ਵਿਹਾਰ ਸਿਧਾਰਥ ਨਗਰ ਤੋਂ ਮਿਸ਼ਾਲ ਮਾਰਚ ਕੱਢਿਆ ਗਿਆ ● ਬੋਧ ਗਯਾ ਮੰਦਰ ਐਕਟ 1949 ਨੂੰ ਰੱਦ ਕਰਨ ਦੀ ਜ਼ੋਰਦਾਰ ਮੰਗ- ਐਡਵੋਕੇਟ ਸਾਂਪਲਾ ● ਮਿਸ਼ਾਲ ਮਾਰਚ ਸ਼ਾਂਤਮਈ ਢੰਗ ਨਾਲ ਹੋਵੇਗਾ -ਭੰਤੇ ਚੰਦਰ ਕੀਰਤੀ**



**ਜਲੰਧਰ, (ਪਰਮਜੀਤ ਜੱਸਲ)-** ਅੱਜ ਪੰਜਾਬ ਦੇ ਬੁੱਧਿਸਟਾਂ ਵੱਲੋਂ ਬੁੱਧ ਵਿਹਾਰ, ਸਿਧਾਰਥ ਨਗਰ ਜਲੰਧਰ ਤੋਂ "ਮਿਸ਼ਾਲ ਮਾਰਚ " ਭਿਖਸ਼ੂ ਸੰਘ 'ਚ ਸ਼ਾਮਿਲ ਭੰਤੇ ਚੰਦਰ ਕੀਰਤੀ ਜੀ,ਭੰਤੇ ਰੇਵਤ ਜੀ, ਭਿਖਸ਼ੂਣੀ ਧੰਮ ਜੋਤੀ ਆਗਰਾ, ਭਿਖਸ਼ੂਣੀ ਧੰਮ ਨੰਦਾ ਸਹਾਰਨਪੁਰ, ਭਿਖਸ਼ੂਣੀ ਖੇਮਾ ਆਗਰਾ ਅਤੇ ਬੋਧੀ ਆਗੂ ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਤਕਸ਼ਿਲਾ ਮਹਾਂਬੁੱਧ ਵਿਹਾਰ ਲੁਧਿਆਣਾ,ਹੁਸਨ ਲਾਲ ਬੌਧ, ਬਲਦੇਵ ਜੱਸਲ, ਪ੍ਰਿੰਸੀਪਲ ਪਰਮਜੀਤ ਜੱਸਲ, ਬਲਦੇਵ ਰਾਜ ਭਾਰਦਵਾਜ, ਚੰਚਲ ਬੌਧ ਅਤੇ ਅੰਬੇਡਕਰੀ ਬੋਧੀ ਭਾਈਚਾਰਾ ਪੰਜਾਬ ਦੀ ਅਗਵਾਈ 'ਚ ਭਾਰੀ ਗਿਣਤੀ ਵਿੱਚ ਕੱਢੀ ਗਈ। ਆਲ ਇੰਡੀਆ ਬੁੱਧਿਸਟ ਫੋਰਮ ਪੰਜਾਬ ਦੇ ਮਿਸ਼ਨਰੀ ਸਾਥੀ ਕੇਂਦਰ ਸਰਕਾਰ ਅਤੇ ਬਿਹਾਰ ਦੀ ਸਰਕਾਰ ਤੋਂ ਮੰਗ ਕਰ ਰਹੇ ਸਨ ਕਿ ਬੋਧ ਗਯਾ ਮੰਦਰ ਐਕਟ 1949 ਨੂੰ ਰੱਦ ਕੀਤਾ ਜਾਵੇ ਅਤੇ ਬੋਧ ਗਯਾ ਮਹਾਂਬੁੱਧ ਮਹਾਂਵਿਹਾਰ ਦਾ ਕੰਟਰੋਲ ਨਿਰੋਲ ਬੋਧੀਆ ਨੂੰ ਸੌਂਪਿਆ ਜਾਵੇ।

ਬੋਧੀ ਭਾਈਚਾਰੇ ਦੇ ਸਾਥੀਆਂ ਦੇ ਨਾਅਰਿਆਂ ਦੀ ਗੂੰਜ ਕੇਂਦਰ ਸਰਕਾਰ ਅਤੇ ਬਿਹਾਰ ਦੀ ਸਰਕਾਰ ਤੱਕ ਪਹੁੰਚ ਰਹੀ ਸੀ। "ਬੁੱਧ ਧੰਮ ਦੀ ਕੀ ਪਹਿਚਾਣ, ਮਾਨਵ ਮਾਨਵ ਏਕ ਸਮਾਨ।" "ਡਾ. ਅੰਬੇਡਕਰ ਜੀ ,ਅਮਰ ਰਹੇ ਅਮਰ ਰਹੇ।" "ਬੋਧ ਗਯਾ ਮਹਾਂਵਿਹਾਰ ਨੂੰ ਗੈਰ ਬੋਧੀਆਂ ਤੋਂ, ਮੁਕਤ ਕਰੋ ਮੁਕਤ ਕਰੋ।" " ਬੋਧ ਗਯਾ ਮੰਦਰ ਐਕਟ 1949 ਨੂੰ ਰੱਦ ਕਰੋ ਰੱਦ ਕਰੋ।" ਕੇਂਦਰ ਦੀ ਮੋਦੀ ਸਰਕਾਰ - ਮੁਰਦਾਬਾਦ ਮੁਰਦਾਬਾਦ। ਬਿਹਾਰ ਸਰਕਾਰ, ਮੁਰਦਾਬਾਦ ਮੁਰਦਾਬਾਦ। " ਆਦਿ ਨਾਅਰਿਆਂ ਨਾਲ ਆਕਾਸ਼ ਗੂੰਜ ਰਿਹਾ ਸੀ। ਬੋਧੀ ਭਾਈਚਾਰੇ ਦੇ ਲੋਕ ਗਰਮੀ ਦੀ ਤਪਸ਼ ਨੂੰ ਝੱਲਦੇ ਹੋਏ, ਅੰਦੋਲਨ ਕਰ ਰਹੇ ਸਨ। ਇਹ ਮਿਸ਼ਾਲ ਮਾਰਚ ਬੁੱਧ ਵਿਹਾਰ ਸਿਧਾਰਥ ਨਗਰ ਤੋਂ ਚੱਲ ਕੇ ਬੂਟਾਂ ਮੰਡੀ ਚੌਂਕ, ਸਤਿਗੁਰੂ ਰਵਿਦਾਸ ਧਾਮ ਬੂਟਾਂ ਮੰਡੀ, ਸਤਿਗੁਰੂ ਰਵਿਦਾਸ ਚੌਂਕ, ਭਾਰਗੋ ਕੈਂਪ, ਡਾ. ਅੰਬੇਡਕਰ ਚੌਂਕ ਤੋਂ ਹੁੰਦਾ ਹੋਇਆ ਆਬਾਦਪੁਰਾ ਅਤੇ ਡਾ. ਅੰਬੇਡਕਰ ਭਵਨ ਜਲੰਧਰ ਵਿਖੇ ਸਮਾਪਤ ਹੋਇਆ। ਜਿੱਥੇ ਪਹੁੰਚ ਕੇ ਵੱਖ -ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਜਿਹਨਾਂ 'ਚ ਧੰਮਾਂਚਾਰੀ ਬਲਦੇਵ ਜੱਸਲ, ਭੰਤੇ ਚੰਦਰ ਕੀਰਤੀ, ਭੰਤੇ ਰੇਵਤ, ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਤਕਸ਼ਿਲਾ ਮਹਾਂਬੁੱਧ ਮਹਾਂਵਿਹਾਰ ਲੁਧਿਆਣਾ,ਬਲਦੇਵ ਰਾਜ ਭਾਰਦਵਾਜ, ਪ੍ਰਿੰਸੀਪਲ ਪਰਮਜੀਤ ਜੱਸਲ, ਹੁਸਨ ਲਾਲ ਬੌਧ, ਚੰਚਲ ਬੌਧ, ਜਗਦੀਸ਼ ਦੀਸ਼ਾ ਬਸਪਾ ਆਗੂ, ਰਮੇਸ਼ ਕੌਲ ਫਗਵਾੜਾ ਬਸਪਾ ਆਗੂ, ਸ਼੍ਰੀਮਤੀ ਸੀਤਾ ਕੌਲ ਫਗਵਾੜਾ, ਜਸਵਿੰਦਰ ਵਰਿਆਣਾ ਸਾਬਕਾ ਪ੍ਰਧਾਨ ਸਮਤਾ ਸੈਨਿਕ ਦਲ, ਸਵਰਨ ਦਾਸ ਬਸਤੀ ਦਾਂਨਿਸ਼ਮੰਦਾ ਆਦਿ ਆਗੂਆਂ ਨੇ ਸੰਬੋਧਨ ਕੀਤਾ।





ਭਿਖਸ਼ੂ ਚੰਦਰ ਕੀਰਤੀ ਨੇ ਕਿਹਾ ਕਿ ਤਥਾਗਤ ਬੁੱਧ ਨੇ ਹਮੇਸ਼ਾ ਸ਼ਾਂਤੀ ਦਾ ਉਪਦੇਸ਼ ਦਿੱਤਾ ਹੈ। ਸਾਨੂੰ ਇਹ ਮਿਸ਼ਾਲ ਮਾਰਚ ਸ਼ਾਂਤੀ ਨਾਲ ਪੂਰੇ ਦੇਸ਼ ਵਿੱਚ ਕੱਢਣ ਦੀ ਵੱਡੀ ਜਰੂਰਤ ਹੈ। ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਤਕਸ਼ਿਲਾ ਮਹਾਂਬੁੱਧ ਮਹਾਂਵਿਹਾਰ ਲੁਧਿਆਣਾ ਵੱਲੋਂ ਕੇਂਦਰ ਸਰਕਾਰ ਅਤੇ ਬਿਹਾਰ ਸਰਕਾਰ ਤੋਂ ਮੰਗ ਕੀਤੀ ਗਈ ਕਿ ਬੌਧ ਗਯਾ ਮੰਦਰ ਐਕਟ 1949 ਨੂੰ ਰੱਦ ਕੀਤਾ ਜਾਵੇ ਅਤੇ ਬੌਧ ਗਯਾ ਮਹਾਂਵਿਹਾਰ ਦਾ ਕੰਟਰੋਲ ਨਿਰੋਲ ਬੋਧੀਆਂ ਨੂੰ ਸੌਂਪਿਆ ਜਾਵੇ। ਉਹਨਾਂ ਇਹ ਵੀ ਕਿਹਾ ਕਿ ਮਿਸ਼ਾਲ ਮਾਰਚ ਪੂਰੇ ਪੰਜਾਬ ਵਿੱਚ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕੱਢਿਆ ਜਾਵੇਗਾ। ਜਿਸ ਨਾਲ ਆਲ ਇੰਡੀਆ ਬੁੱਧਿਸ਼ਟ ਫੋਰਮ ਦੇ ਜਨਰਲ ਸਕੱਤਰ ਸ੍ਰੀ ਅਕਾਸ਼ ਲਾਮਾ ਦੇ ਹੱਥ ਮਜਬੂਤ ਹੋਣਗੇ, ਜੋ ਬੋਧ ਗਯਾ ਮੁਕਤੀ ਅੰਦੋਲਨ ਲਈ ਲਗਾਤਾਰ ਸੰਘਰਸ਼ ਕਰ ਰਹੇ ਹਨ। ਸ੍ਰੀ ਸਾਂਪਲਾ ਜੀ ਨੇ ਕਿਹਾ ਕਿ ਇਹ ਅੰਦੋਲਨ 134 ਸਾਲਾਂ ਤੋਂ ਚੱਲ ਰਿਹਾ ਹੈ। ਬੀਟੀ ਐਕਟ 1949 ਧਾਰਮਿਕ ਘੱਟ ਗਿਣਤੀਆਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ । ਉਹਨਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਬੋਧ ਗਯਾ ਦਾ ਡੀ.ਐਮ. ਸਿਰਫ ਹਿੰਦੂ ਹੀ ਰਿਹਾ, ਜੋ ਬਾਕੀ ਧਰਮਾਂ ਦੇ ਅਧਿਕਾਰਾਂ ਦਾ ਉਲੰਘਣ ਹੈ। ਬਲਦੇਵ ਰਾਜ ਜੱਸਲ ਨੇ ਕਿਹਾ ਕਿ ਸਾਨੂੰ ਸ਼ਾਂਤਮਈ ਤਰੀਕੇ ਨਾਲ ਇਸ ਅੰਦੋਲਨ ਨੂੰ ਅੱਗੇ ਵੱਧਣ ਲਈ ਹਮੇਸ਼ਾ ਯਤਨਸ਼ੀਲ ਰਹਿਣਾ ਚਾਹੀਦਾ ਹੈ। ਬਲਦੇਵ ਰਾਜ ਭਾਰਦਵਾਜ ਨੇ ਕਿਹਾ ਕਿ ਤਥਾਗਤ ਬੁੱਧ ਨੇ ਮਾਨਵ ਮਾਨਵ ਏਕ ਸਮਾਨ ਦੀ



ਵਿਚਾਰਧਾਰਾ 'ਤੇ ਜ਼ੋਰ ਦਿੱਤਾ ਹੈ। ਜਗਦੀਸ਼ ਦੀਸ਼ਾ ਬਸਪਾ ਆਗੂ ਨੇ ਕਿਹਾ ਕਿ ਸਾਨੂੰ ਇੱਕਜੁੱਟ ਹੋ ਕੇ ਇਸ ਅੰਦੋਲਨ ਲਈ ਤਨ, ਮਨ, ਧੰਨ ਨਾਲ ਸਾਥ ਦੇਣਾ ਚਾਹੀਦਾ ਹੈ। ਪ੍ਰਿੰਸੀਪਲ ਪਰਮਜੀਤ ਜੱਸਲ ਨੇ ਕਿਹਾ ਕਿ ਤੁਹਾਡੀ ਏਕਤਾ ਜਰੂਰ ਇਕ ਦਿਨ ਰੰਗ ਲਿਆਵੇਗੀ ਤੇ ਬੌਧ ਗਯਾ ਮਹਾਂਵਿਹਾਰ ਨਿਰੋਲ ਬੋਧੀਆ ਨੂੰ ਮਿਲ ਕੇ ਹੀ ਰਹੇਗਾ, ਆਪਣਾ ਸੰਘਰਸ਼ ਜਾਰੀ ਰੱਖਣਾ। ਰਮੇਸ਼ ਕੌਲ ਬਸਪਾ ਆਗੂ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਬਿਹਾਰ ਦੀ ਸਰਕਾਰ ਹਮੇਸ਼ਾ ਬੋਧੀਆਂ ਨਾਲ ਧੱਕਾ ਕਰਦੀ ਆ ਰਹੀ ਹੈ, ਜਿਸ ਨੂੰ ਬੋਧੀ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਜੇਤਵਨ ਬੁੱਧ ਬਿਹਾਰ ਵੈਲਫੇਅਰ ਕਮੇਟੀ ਡਾ ਅੰਬੇਡਕਰ ਨਗਰ (ਨਵੀਂ ਆਬਾਦੀ) ਨਕੋਦਰ ਵਲੋਂ ਪਰਸ਼ੋਤਮ ਲਾਲ ਚੰਦਰ ਨੇ ਆਪਣੀ ਗੱਲ ਰੱਖੀ। ਇਸ ਮਿਸ਼ਾਲ ਮਾਰਚ ਵਿੱਚ ਸੁਰੇਸ਼ ਕੁਮਾਰ, ਡਾਕਟਰ ਗੋਪਾਲ ਚੌਹਾਨ, ਅਦਿੱਤਿਆ, ਲਾਲ ਚੰਦ ਸਾਂਪਲਾ, ਮਿਨਹਾ ਸਾਂਪਲਾ, ਜਗਦੀਸ਼ ਕੁਮਾਰ, ਦੇਸ ਰਾਜ ਬੌਧ, ਚਮਨ ਸਾਂਪਲਾ, ਰਜਿੰਦਰ ਕੁਮਾਰ ਜੱਸਲ, ਰਜਤ, ਮੁੰਨਾ ਲਾਲ ਬੌਧ, ਬਲਵਿੰਦਰ ਬੌਧ, ਧਰਮਵੀਰ ਬੌਧ, ਚਰਨਜੀਤ, ਪ੍ਰੋਫੈਸਰ ਸੋਹਨ ਲਾਲ, ਗੁਰਮੀਤ ਸਾਂਪਲਾ, ਡਾ. ਸੁਰਿੰਦਰ ਕੁਮਾਰ, ਹਰਭਜਨ ਨਿਮਤਾ, ਨਿਰਮਲ ਬਿੰਜੀ, ਲੈਂਹਬਰ ਬੰਗੜ ਆਦਿ। ਸੋਨੂ ਬੌਧ ਅਤੇ ਪ੍ਰਸ਼ੋਤਮ ਬੌਧ ਨੇ ਮਿਸ਼ਾਲ ਚੁੱਕੀ ਹੋਈ ਸੀ। ਇਹਨਾਂ ਤੋਂ ਇਲਾਵਾ ਸ਼੍ਰੀਮਤੀ ਸੰਤੋਸ਼ ਸਾਂਪਲਾ, ਸ਼੍ਰੀਮਤੀ ਮਨਜੀਤ ਸਾਂਪਲਾ ਆਦਿ ਸ਼ਾਮਿਲ ਸਨ। ਅੰਤ ਵਿੱਚ ਸ੍ਰੀ ਸੋਹਨ ਲਾਲ ਸਾਬਕਾ ਡੀਪੀਆਈ ਅਤੇ ਚੇਅਰਮੈਨ ਡਾਕਟਰ ਅੰਬੇਡਕਰ ਭਵਨ ਟਰੱਸਟ ਜਲੰਧਰ ਨੇ ਮਿਸਾਲ ਮਾਰਚ ਵਿੱਚ ਸ਼ਾਮਿਲ ਸਾਰੇ ਸਾਥੀਆਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ, ਜੋ ਆਪਣਾ ਕੀਮਤੀ ਸਮਾਂ ਕੱਢ ਕੇ ਇਸ ਅੰਦੋਲਨ ਵਿੱਚ ਹਿੱਸਾ ਲੈ ਰਹੇ ਹਨ। ਡਾਕਟਰ ਅੰਬੇਡਕਰ ਭਵਨ ਜਲੰਧਰ ਵਿੱਚ ਅਟੁੱਟ ਲੰਗਰ ਵੀ ਵਰਤਾਇਆ ਗਿਆ। ਇਸ ਦਾ ਸਾਰਾ ਪ੍ਰਬੰਧ ਬੁੱਧ ਵਿਹਾਰ, ਸਿਧਾਰਥ ਨਗਰ ਵੱਲੋਂ ਕੀਤਾ ਗਿਆ ਸੀ।

**(ਸੰਬੰਧਿਤ ਫੋਟੋ 15 ਤੇ)**

# ਬੌਧ ਗਯਾ ਮੁਕਤੀ ਅੰਦੋਲਨ ਤਹਿਤ ਬੁੱਧ ਵਿਹਾਰ ਸਿਧਾਰਥ ਨਗਰ ਤੋਂ ਮਿਸ਼ਾਲ ਮਾਰਚ ਕੱਢਿਆ ਗਿਆ











Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com